ਮਈ 1988

ਮੁੱਲ–ਦੋ ਰੁਪਏ

96

ਸੰਪਾਦਕੀ :

## ਕਮਿਊਨਿਸਟ ਇਨਕਲਾਬੀਆਂ ਲਈ ਸੋਚਣਾ ਬਣਦਾ ਹੈ

ਭਾਰਤ ਦੇ ਦੱਬੇ ਕੁੱਚਲੇ ਲੋਕਾਂ ਦੀ ਮੁਕਤੀ ਲਈ ਸਭ ਤੋਂ ਵੱਧ ਸੁਹਿਰਦ ਜਜ਼ਬਾ ਅਤੇ ਸਿਆਸਤ ਕਮਿਊਨਿਸਟ ਇਨਕਲਾਬੀਆਂ ਕੋਲ ਹੈ ਪਰ ਫੇਰ ਵੀ ਇਹ ਸਿਆਸਤ ਲੋਕਾਂ ਵਿਚ ਮਕਬੂਲ ਨਹੀਂ ਹੋ ਰਹੀ, ਇਹਦੇ ਬਾਰੇ ਸੋਚਣਾ ਬਣਦਾ ਹੈ।

- ਪਹਿਲੀ ਗੱਲ ਜੋ ਸਾਹਮਣੇ ਆਂਦੀ ਹੈ, ਉਹ ਕਮਿਊਨਿਸਟ ਇਨਕਲਾਬੀਆਂ ਦਾ ਬਹੁਤ ਸਾਰੇ ਗਰੁੱਪਾਂ ਵਿਚ ਵੰਡਿਆ ਜਾਣਾ ਹੈ, ਇਸ ਗੱਲ ਦਾ ਪੂਰੀ ਸ਼ਿੱਦਤ ਨਾਲ ਅਹਿਸਾਸ ਹੋਣਾ ਚਾਹੀਦਾ ਕਿ **ਭਾਰਤੀ ਇਨਕਲਾਬ ਦਾ ਮੁਸ਼ਕਲ ਕੰਮ ਨਿੱਕੇ ਨਿੱਕੇ ਗਰੁੱਪ ਬਣਾ ਕੇ ਸਿਰੇ ਨਹੀਂ ਚੜ੍ਹਾਇਆ ਜਾ ਸਕਦਾ**। ਐਵੇਂ ਜਵਾਨੀਆਂ ਗਾਲਨ ਦਾ ਕੋਈ ਫਾਇਦਾ ਨਹੀਂ। ਏਕਤਾ ਵਲ ਵੱਧਣਾ ਚਾਹੀਦਾ ਹੈ। ਇਕ ਦੂਜੇ ਦੇ ਕੰਮਾਂ ਵਿਚ ਵੱਧ ਤੋਂ ਵੱਧ ਸਾਥ ਦੇ ਕੇ ਆਪਸ ਵਿਚ ਨੇੜੇ ਆਉਣਾ ਚਾਹੀਦਾ ਹੈ। ਪਾਸ਼ ਦੇ ਸ਼ਰਧਾਂਜਲੀ ਸਮਾਗਮ ਤੇ ਬੋਲਦਿਆ ਇਨਕਲਾਬੀ ਜਮਹੂਰੀ ਸ਼ਕਤੀਆਂ ਦੇ ਇਕ ਥੜੇ ਤੇ ਆ ਕੇ ਸਾਂਝੀ ਕਾਰਵਾਈ ਲਈ ਵੱਖ ਵੱਖ ਧਿਰਾਂ ਵਲੋਂ ਪੇਸ਼ਕਸ਼ ਹੋਈ ਹੈ। ਇਹਦਾ ਸਵਾਗਤ ਹੋਣਾ ਚਾਹੀਦਾ ਹੈ। 9 ਨਵੰਬਰ 1986 ਵਿਚ ਇਹ ਯਤਨ ਹੋਇਆ ਸੀ ਪਰ ਕੁਝ ਕਾਰਨਾਂ ਕਰਕੇ ਇਸ ਯਤਨ ਨੂੰ ਉਮੀਦ ਕੀਤੀ ਜਾਂਦੀ ਸਫਲਤਾ ਨਹੀਂ ਮਿਲੀ ਸੀ। ਇਸਦੇ ਬਾਵਜੂਦ ਹਰ ਕੋਈ ਜਾਣਦਾ ਹੈ ਕਿ ਇਨਕਲਾਬੀ ਜਮਹੂਰੀ ਥੜਾ ਜਮਹੂਰੀ ਕੈਡਰ ਦੀ ਇਹ ਜ਼ਬਰਦਸਤ ਖਾਹਸ਼ ਹੈ ਕਿ ਇਕ ਜਮਹੂਰੀ ਥੜਾ ਜ਼ਰੂਰ ਉਸਾਰਿਆ ਜਾਏ ਜਿਥੇ ਸਾਰੀਆਂ ਧਿਰਾਂ ਸਾਂਝੇ ਕੰਮਾਂ ਲਈ ਇਕੱਠੀਆਂ ਹੋ ਸਕਨ। **ਜੇਕਰ ਅਗੇ ਕਾਮਯਾਬੀ ਨਹੀਂ ਹੋਈ ਤਾਂ ਦੁਬਾਰਾ ਫੇਰ ਕੋਸ਼ਿਸ਼ ਹੋਣੀ ਚਾਹੀਦੀ ਹੈ**। ਇਹ ਚਿੱਟੇ ਦਿਨ ਵਰਗੀ ਸਚਾਈ ਹੈ ਕਿ ਦੇਸ਼ ਜਾਂ ਪੰਜਾਬ ਦੀ ਸਿਆਸਤ ਵਿਚ ਸਮੁੱਚੀ ਇਨ-ਕਲਾਬੀ ਧਿਰ ਵਲੋਂ ਤਾਂ ਹੀ ਅਸਰਦਾਇਕ ਦਖਲਅੰਦਾਜ਼ੀ ਹੋ ਸਕਦੀ ਹੈ, ਜੇਕਰ ਇਹ ਏਕਤਾ ਹੋਵੇ।

- ਕਮਿਊਨਿਸਟ ਇਨਕਲਾਬੀਆਂ ਨੂੰ ਆਪਣੀ ਸਿਆਸਤ ਬੜੀ ਸਪੱਸ਼ਟ ਅਤੇ ਸੁਖਾਲੀ ਬਨਾਉਣੀ ਚਾਹੀਦੀ ਹੈ। ਵੀ. ਪੀ. ਸਿੰਘ, ਰਾਮਾ ਰਾਓ, ਦੇਵੀ ਲਾਲ ਵਗ਼ੈਰਾ ਨੂੰ ਇਹ ਜਾਚਾਂ ਹਨ। ਉਹਨਾਂ ਦੀ ਸਿਆਸਤ ਵਿਚ ਭਾਂਵੇ ਕੁਝ ਵੀ ਠੋਸ ਨਾਂ ਹੋਵੇ ਪਰ ਉਹ ਫੇਰ ਵੀ ਲੱਖਾਂ ਦੀ ਭੀੜ ਖਿਚਦੇ ਹਨ। ਸਾਡੇ ਕੋਲ ਏਨੀ ਸੱਚੀ ਅਤੇ ਲੋਕ ਪੱਖੀ ਸਿਆਸਤ ਹੈ, ਤਜਰਬਿਆਂ ਤੋਂ ਸਿੱਖ ਕੇ ਸਾਨੂੰ ਆਪਣੀ ਸਿਆਸਤ ਲੋਕਾਂ ਵਿਚ ਲਿਜਾਣ ਦੇ ਤਰੀਕੇ ਆਉਣੇ ਚਾਹੀਦੇ ਹਨ। ਦੇਸ਼ ਵਿਚ ਚਲ ਰਹੇ ਸਿਆਸੀ ਵਰਤਾਰੇ ਦਾ ਨੋਟਿਸ ਲੈਂਦੇ ਹੋਏ ਮੁੱਖ ਧਾਰਾ ਦੀ ਸਿਆਸਤ ਵਿਚ ਪੂਰੀ ਤਰ੍ਹਾਂ ਦੇ ਪੂਰੇ ਵਿਸ਼ਵਾਸ਼ ਨਾਲ ਦਖਲ ਅੰਦਾਜ਼ੀ ਕਰਨੀ ਚਾਹੀਦੀ ਹੈ ਤਾਂ ਜੋ ਲੋਕਾਂ ਨੂੰ ਸਾਡੀ ਸਿਆਸਤ ਬਾਰੇ ਪੂਰੀ ਪਹਿਚਾਣ ਹੋਵੇ। ਰੁੱਸਿਆਂ ਵਾਂਗ ਅਲੱਗ ਥਲੱਗ ਰਹਿਕੇ ਬੂਰਜੂਆ ਸਿਆਸਤ ਵਲ ਨੱਕ ਚੜ੍ਹਾ ਕੇ ਇਸਨੂੰ ਇਕ ਪਖੰਡ ਜਾਂ ਨਾਟਕ ਕਹਿ ਕੇ ਕੁਝ ਪ੍ਰਾਪਤੀ ਨਹੀਂ ਹੋ ਸਕਦੀ। ਅਸੀਂ ਇਨਕਲਾਬ ਨੂੰ ਇਕ ਜਨਤਕ ਲਹਿਰ ਬਣਾਉਣਾ ਹੈ।

- ਲੋਕਾਂ ਦਾ ਧਿਆਨ ਵੱਧ ਤੋਂ ਵੱਧ ਆਰਥਕ ਮੰਦਹਾਲੀ ਵਲ ਕੇਂਦਰਤ ਕਰਕੇ ਉਹਨਾਂ ਨੂੰ ਸਮਾਜਕ ਇਨਸਾਫ ਦੀ ਸਿਆਸਤ ਵੱਲ ਲਿਆਉਣਾ ਸਾਡਾ ਨਿਸ਼ਾਨਾ ਹੋਣਾ ਚਾਹੀਦਾ ਹੈ। **ਲੋਕਾਂ ਦੀ ਮੁਕਤੀ ਇਸੇ ਵਿਚ ਹੈ, ਹੋਰ ਕਿਸੇ ਵੀ ਸਿਆਸਤ ਵਿਚ ਨਹੀਂ**। ਬਾਕੀ ਸਾਰੀਆਂ ਗੱਲਾਂ ਦੋਮ ਦਰਜੇ ਦੀਆਂ ਹਨ। ਭਾਰਤੀ ਸਟੇਟ ਉਤੇ ਹਮਲਾ ਵੀ ਇਸੇ ਪੱਖ ਤੋਂ ਬਹੁਤਾ ਖੋਲ੍ਹਿਆ ਜਾਣਾ ਚਾਹੀਦਾ ਹੈ। ਗ਼ਲਤ ਆਰਥਕ ਨੀਤੀਆਂ ਹੀ ਕਾਲੇ ਕਾਨੂੰਨਾਂ ਦੀਆਂ ਜ਼ਿਮੇਂਵਾਰ ਹਨ। —**ਗੁਰਸ਼ਰਨ ਸਿੰਘ**

## ਅਸੀਂ ਲੜਾਂਗੇ ਸਾਥੀ —ਇਕ ਰੀਪੋਰਟ

ਇਹ ਰੀਪੋਰਟ 24 ਅਪ੍ਰੈਲ 1988 ਦੇਸ਼ ਭਗਤ ਹਾਲ ਜਲੰਧਰ ਵਿਚ ਸਾਥੀ ਜੈਮਲ ਸਿੰਘ ਪੱਡਾ ਅਤੇ ਪਾਸ਼ ਦੀ ਯਾਦ ਵਿਚ ਕੀਤੇ ਗਏ ਸ਼ਰਧਾਂਜਲੀ ਸਮਾਗਮ ਦੀ ਹੈ ਜੋ ਕਿ ਇਨਕਲਾਬੀ ਕੇਂਦਰ ਪੰਜਾਬ ਅਤੇ ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ ਦੇ ਸੱਦੇ ਤੇ ਕੀਤਾ ਗਿਆ।

ਇਹ ਸਮਾਗਮ ਸਾਡੇ ਕਮਿਊਨਿਸਟ ਇਨਕਲਾਬੀਆਂ ਲਈ ਇਕ ਵਿਸ਼ੇਸ਼ ਮਹੱਤਤਾ ਰਖਦਾ ਹੈ। ਸਾਡੇ ਇਹਨਾਂ ਦੋ ਪ੍ਰਮੁੱਖ ਸਾਥੀਆਂ ਨੂੰ ਸਾਡੇ ਕੋਲੋਂ ਖੋਹ ਕੇ ਖਾਲਿਸਤਾਨੀ ਦਹਿਸ਼ਤਗਰਦਾਂ ਨੇ ਸਾਨੂੰ ਇਕ ਚਣੌਤੀ ਦਿੱਤੀ ਹੈ। ਉਹਨਾਂ ਸਾਡੀ ਅਵਾਜ਼ ਨੂੰ ਬੰਦ ਕਰਨਾ ਚਾਹਿਆ ਹੈ। ਅਸੀਂ ਇਹ ਚਣੌਤੀ ਸਵੀਕਾਰ ਕਰਦੇ ਹਾਂ। ਪੂਰੀ ਜ਼ਿੰਦਤ ਨਾਲ ਸਵੀਕਾਰ ਕਰਦੇ ਹਾਂ। ਪੂਰੀ ਜ਼ਿਮੇਵਾਰੀ ਨਾਲ ਸਵੀਕਾਰ ਕਰਦੇ ਹਾਂ। ਇਹਦਾ ਪ੍ਰਗਟਾਵਾ ਦੇਸ਼ ਭਗਤ ਹਾਲ ਵਿਚ ਲੇਖਕਾਂ ਅਤੇ ਇਨਕਲਾਬੀ ਰਾਜਨੀਤੀ ਨਾਲ ਪ੍ਰਣਾਏ ਵ੍ਹਕਰਾਂ ਦੇ ਵਡੇ ਇਕੱਠ ਤੋਂ ਪੂਰੀ ਤਰ੍ਹਾਂ ਹੋ ਰਿਹਾ ਸੀ, ਜੋ ਪੰਜਾਬ ਦੀ ਹਰ ਨੁੱਕਰ ਤੋਂ ਉਥੇ ਇਕੱਠੇ ਹੋਏ ਸਨ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਇਨਕਲਾਬੀ ਜਮਹੂਰੀ ਲਹਿਰ ਦੇ ਜਾਣੇ ਪਹਿਚਾਣੇ ਨਾਂ, ਪ੍ਰੋ. ਜਗਮੋਹਣ ਸਿੰਘ, ਹਰੀ ਸਿੰਘ ਤਰਕ, ਦਰਸ਼ਨ ਸਿੰਘ ਖਟਕੜ, ਮਹਿੰਦਰ ਸਿੰਘ ਸੰਧੂ, ਬਾਰੂ ਸਤਵਰਗ, ਤੇਜਵੰਤ ਸਿੰਘ ਮਾਨ, ਪਾਸ਼ ਦੇ ਪਿਤਾ ਜੀ ਅਤੇ ਗੁਰਸ਼ਰਨ ਸਿੰਘ ਸਾਮਲ ਸਨ। ਹਾਲ ਦੀ ਸਜਾਵਟ ਇਸ ਮੌਕੇ ਅਨੁਸਾਰ ਖਾਸ ਢੁੱਕਵੇਂ ਢੰਗ ਨਾਲ ਕੀਤੀ ਗਈ ਸੀ। ਸਟੇਜ ਤੇ ਜਿਥੇ ਸਾਥੀ ਜੈਮਲ ਸਿੰਘ ਪੱਡਾ ਅਤੇ ਪਾਸ਼ ਦੀਆਂ ਵਡੀਆਂ ਤਸਵੀਰਾਂ ਸਨ, ਉਥੇ ਪਾਸ਼ ਅਤੇ ਜੈਮਲ ਸਿੰਘ ਪੱਡਾ ਦੀਆਂ ਕਵਿਤਾਵਾਂ ਦੀਆਂ ਚੋਣਵੀਆਂ ਟੂਕਾਂ ਸਮਾਗਮ ਤੇ ਇਕੱਠੇ ਹੋਏ ਸਾਥੀਆਂ ਲਈ ਇਕ ਵਿਸ਼ੇਸ਼ ਪ੍ਰੇਰਨਾ ਸਨ। **ਭਾਰਤੀ ਮਜ਼ਦੂਰ ਸਭਾ ਗ੍ਰੇਟ ਬ੍ਰੀਟੇਨ** ਵਲੋਂ ਭੇਜਿਆ ਗਿਆ, ਪਾਸ਼ ਦੀ ਯਾਦ ਵਿਚ ਪੋਸਟਰ, ਜਿਸਨੂੰ ਰਸ਼ਮੀ ਚੱਢਾ ਨੇ ਡੀਜ਼ਾਇਨ ਕੀਤਾ ਅਤੇ ਜਿਸ ਵਿਚ ਅਮਰਜੀਤ ਚੰਦਨ ਵਲੋਂ ਖਿੱਚੀ ਪਾਸ਼ ਦੀ ਇਕ ਤਸਵੀਰ ਅਤੇ ਪਾਸ਼ ਦੀ ਕਵਿਤਾ 'ਅਸੀਂ ਲੜਾਂਗੇ ਸਾਥੀ' ਦੇ ਕੁਝ ਅੰਸ਼ ਸ਼ਾਮਲ ਹਨ, ਅਤੇ ਜੋ ਇਕ ਕਮਾਲ ਦਾ ਕਲਾਮਈ ਕ੍ਰਿਤ ਹੈ, ਨੇ ਬਹੁਤ ਧਿਆਨ ਖਿਚਿਆ। ਪੋਸਟਰ ਦੀਆਂ ਸੀਮਤ ਗਿਣਤੀ ਵਿਚ ਹੀ ਕਾਪੀਆਂ ਮਿਲੀਆਂ ਸਨ ਪਰ ਇਸ ਗਲ ਦਾ ਧਿਆਨ ਰਖਿਆ ਗਿਆ ਕਿ ਇਹ ਪੋਸਟਰ ਪੰਜਾਬ ਦੇ ਹਰ ਇਲਾਕੇ ਵਿਚ ਜ਼ਰੂਰ ਪੁਜਣ। ਇਸ ਪੋਸਟਰ ਦਾ ਇਸ ਸਮਾਗਮ ਤੇ ਪੁਜਣਾ ਆਪਣੇ ਆਪ ਵਿਚ ਇਕ ਉਤਸ਼ਾਹ ਜਨਕ ਗੱਲ ਸੀ। ਅਸੀਂ ਸਾਥੀ ਦੂਰ ਬੈਠੇ ਵੀ ਇਕ ਦੂਜੇ ਦੇ ਬਹੁਤ ਨੇੜੇ ਹਾਂ। ਸਾਡੇ ਦੁੱਖ ਸੁੱਖ ਸਾਂਝੇ ਹਨ। **ਸਾਡੀਆਂ ਚਣੌਤੀਆਂ ਸਾਂਝੀਆਂ ਹਨ** ਇਹਨਾਂ ਚਣੌਤੀਆਂ ਨੂੰ ਸਵੀਕਾਰ ਕਰਨ ਦਾ ਪ੍ਰਗਟਾਵਾ ਉਹਨਾਂ ਆਕਾਸ਼ ਗੁੰਜਾਊ ਨਾਅਰਿਆਂ ਤੋਂ ਹੋ ਰਿਹਾ ਸੀ, ਜੋ ਵੱਖ ਵੱਖ ਇਲਾਕਿਆਂ ਤੋਂ ਆਏ ਹੋਏ ਸਾਥੀ ਹਾਲ ਵਿਚ ਦਾਖਲ ਹੋਣ ਵੇਲੇ ਲਗਾ ਰਹੇ ਸਨ। ਸਾਥੀ ਪੱਡਾ ਅਤੇ ਸਾਥੀ ਪਾਸ਼ ਨੂੰ ਲਾਲ ਸਲਾਮ, ਸ਼ਹੀਦੋ ਤੁਹਾਡੀ ਸੋਚ ਤੇ ਪਹਿਰਾ ਦਿਆਂਗੇ ਠੋਕ ਕੇ, ਨਾ ਹਿੰਦੂ ਰਾਜ ਨਾ ਖਾਲਿਸਤਾਨ, ਰਾਜ ਕਰੇਗਾ ਮਜ਼ਦੂਰ ਕਿਸਾਨ, ਮਿਹਨਤੀ ਲੋਕਾਂ ਦਾ ਏਕਾ ਜ਼ਿੰਦਾਬਾਦ, ਇਨਕਲਾਬ ਜ਼ਿੰਦਾਬਾਦ, 23 ਮਾਰਚ ਦੇ ਸ਼ਹੀਦ (ਜਿਨ੍ਹਾਂ ਵਿਚ ਹੁਣ ਪਾਸ਼ ਵੀ ਸ਼ਾਮਲ ਹੋ ਗਿਆ ਹੈ) ਜ਼ਿੰਦਾਬਾਦ।

ਸਮਾਗਮ ਸ਼ੁਰੂ ਹੋਇਆ। ਹਰੀ ਸਿੰਘ ਤਰਕ ਨੇ ਕਿਹਾ—ਬਿਨਾਂ ਖੌਫ ਸੱਚ ਕਹਿਣਾ ਅਤੇ ਪਿਛਾਖੜ ਦੇ ਵਿਰੁਧ ਸੰਘਰਸ਼ ਕਰਨਾ ਸਾਡੀ ਇਹਨਾਂ ਸਾਥੀਆਂ ਨੂੰ ਸਭ ਤੋਂ ਵਡੀ ਸ਼ਰਧਾਂਜਲੀ ਹੋਵੇਗਾ—ਪ੍ਰੋ. ਜਗਮੋਹਨ ਸਿੰਘ ਨੇ ਧਾਰਮਕ ਕੱਟੜਵਾਦੀਆਂ ਦੀ ਮਾਨਸਕਤਾ ਦੀ ਗਲ ਕੀਤੀ, ਜਿਸਦੀ ਅਖੀਰ ਵਿਚ ਫਾਸ਼ੀਵਾਦ ਤੋਂ ਸਿਵਾ ਹੋਰ ਕੋਈ ਸ਼ਕਲ ਨਹੀਂ ਹੋ ਸਕਦੀ—ਦਰਸ਼ਨ ਖਟਕੜ ਨੇ ਕਿਹਾ ਕਿ ਆਮ ਤੌਰ ਤੇ ਹਕੂਮਤਾਂ ਜਿਹੜੀਆਂ ਕਲਮਾਂ ਦੀ ਸ਼ਕਤੀ ਤੋਂ ਡਰਦੀਆਂ ਹਨ, ਉਹ ਲੋਕ ਦੋਖੀ ਹਕੂਮਤਾਂ ਹੁੰਦੀਆਂ ਹਨ। ਉਹ ਆਪਣੀ ਮੌਤ ਸਾਹਮਣੇ ਦੇਖਦੀਆਂ ਹਨ। ਇਸੇ ਤਰ੍ਹਾਂ ਖਾਲਿਸਤਾਨੀ ਦਹਿਸਤ ਗਰਦਾਂ ਨੇ ਜਦੋਂ ਪਾਸ਼ ਅਤੇ ਪੱਡਾ ਦੀ ਕਲਮ ਦੀ ਤਾਕਤ ਖਤਮ ਕਰਨੀ ਚਾਹੀ ਹੈ ਤਾਂ ਉਹ ਆਪਣੀ ਹੋਣੀ ਤੋਂ ਜਾਣੂ ਹੋ ਚੁੱਕੇ ਹਨ ਜੋ ਮੌਤ ਤੋਂ ਸਿਵਾ ਹੋਰ ਕੋਈ ਨਹੀਂ—ਪ੍ਰੋ. ਤੇਜਵੰਤ ਮਾਨ ਨੇ ਕੌਮੀਅਤਾਂ ਦੀ ਆਜ਼ਾਦੀ ਦੇ ਸੰਘਰਸ਼ ਦੀ ਗਲ ਕਰਦਿਆਂ ਕਿਹਾ ਜੇ ਉਹ ਸੰਘਰਸ਼ ਜਮਾਤੀ ਸੰਘਰਸ਼ ਨਾਲ ਜੁੜਦਾ ਹੈ ਤਾਂ ਹੀ ਉਹ ਆਪਣਾ ਜਮਹੂਰੀ ਅੰਸ਼ ਕਾਇਮ ਰਖ ਸਕਦਾ ਹੈ ਨਹੀਂ ਤਾਂ ਉਹ ਤਾਨਾਸ਼ਾਹੀ ਦੇ ਰੂਪ ਵਿਚ ਹੀ ਨਿਬੜੇਗਾ—ਖਾਲਿਸਤਾਨੀ ਸੰਘਰਸ਼ ਇਹ ਰੂਪ ਧਾਰ ਚੁਕਾ ਹੈ। ਬਾਰੂ ਸਤਿਵਰਗ ਨੇ ਇਨਕਲਾਬੀ ਕਲਮਾਂ ਦੀ ਇਕ ਲੁੱਟ ਰਹਿਤ ਸਮਾਜ ਬਨਾਉਣ ਦੀ ਪ੍ਰਤੀਬੱਧਤਾ ਨੂੰ ਆਪਣੇ ਸ਼ਹੀਦ ਸਾਥੀਆਂ ਦੀ ਸ਼ਰਧਾਂਜਲੀ ਵਲੋਂ ਦੁਹਰਾਇਆ। ਮਹਿੰਦਰ ਸਿੰਘ ਸੰਧੂ ਨੇ ਪਾਸ਼ ਦੀਆਂ ਯਾਦਾਂ ਦਰਸ਼ਕਾਂ ਨਾਲ ਸਾਂਝਿਆ ਕਰਦਿਆਂ ਕਿਹਾ ਕਿ ਉਹ ਇਕ ਬਹੁਤ ਹੀ ਸੱਚਾ (ਬਾਕੀ 24 ਤੇ

# ਯੁੱਗ ਕਵੀ ਪਾਸ਼-ਜਿਹਦੇ ਹਰਫ਼ ਸਦਾ ਜਿਉਂਦੇ ਰਹਿਣਗੇ

— ਨਰਭਿੰਦਰ ਸਿੰਘ

ਪੰਜਾਬ ਦੀ ਮਿੱਟੀ 'ਚੋ ਜੋ ਬਾਗੀਂ ਲਹਿਰਾਂ ਫੁਟਦੀਆਂ ਰਹੀਆਂ ਹਨ, ਤਾਂ ਇਸ ਮਿੱਟੀ ਚੋਂ ਉੱਗਸੇ ਸਾਹਿਤ ਵਿਚ ਵੀ ਬਾਗੀਆਨਾ ਸੁਰ ਭਾਰੂ ਰਹੀ ਹੈ, ਇਥੇ ਰਚਿਆ ਗਿਆ ਹਰ ਸਮੇਂ ਦਾ ਸਹਿਤ ਪੁਰਾਣੇ ਵੇਲਾ ਵਿਹਾ ਚੁੱਕੇ ਸੰਸਰਾਕਾਂ/ਰਵਾਇਤਾਂ ਖਿਲਾਫ ਬਗਾਵਤ ਜਾਂ ਰੋਹ ਆਪਣੇ ਵਿਚ ਸਮੋਈ ਬੈਠਾ ਹੈ ਜੋ ਉਸ ਸਮੇਂ ਦੀਆਂ ਲਹਿਰਾਂ ਦਾ ਪ੍ਰਗਟਾਅ ਕਰਦਾ ਹੈ, ਜੋ ਕਿ ਸਮਾਜ ਦੇ ਆਧਾਰ ਵਿਚ ਪਈਆਂ ਸਨ। ਲੇਖਕ ਕਿਉਂਕਿ ਸਮਾਜ ਦਾ ਅੰਗ ਹੀ ਹੁੰਦਾ ਹੈ ਸਮਾਜ 'ਚ ਵਾਪਰ ਰਹੇ ਵਰਤਾਰਿਆਂ ਤੋਂ ਅਣਭਿੱਜ ਨਹੀਂ ਰਹਿ ਸਕਦਾ, ਉਨ੍ਹਾਂ ਦਾ ਉਸ 'ਤੇ ਅਸਰ ਹੋਣਾ ਸੁਭਾਵਕ ਹੀ ਹੈ। ਸਗੋਂ ਇਕ ਚੇਤਨ ਪ੍ਰਤਿਭਾ ਦਾ ਮਾਲਕ ਹੋਣ ਕਰਕੇ ਸਭ ਤੋਂ ਪਹਿਲਾਂ ਇਨ੍ਹਾਂ ਵਰਤਾਰਿਆਂ ਨੂੰ ਬੁੱਝਦਾ ਹੈ। ਲੇਖਕ/ਕਵੀ ਦੀ ਉਹ ਰਚਨਾ ਹੀ ਲੋਕਾਈ ਵਿਚ ਆਪਣੀ ਵਿਸ਼ੇਸ਼ ਥਾਂ ਬਣਾਉਣ 'ਚ ਕਾਮਯਾਬ ਰਹਿੰਦੀ ਹੈ ਜਿਸ ਵਿਚ ਲੋਕਾਈ ਦੇ ਧੁਰ ਅੰਦਰੋਂ ਦੁੱਖਾਂ ਨੂੰ ਫੜਿਆ ਗਿਆ ਹੋਵੇ। ਜਿਸ ਲਿਖਤ ਵਿਚ ਜਾਂ ਜਿਸ ਰਚਨਾ ਵਿਚ ਮਨੁੱਖੀ ਦਰਦ ਦੁੱਖ ਮਨੁੱਖੀ ਜੀਵਨ ਦੇ ਅੰਤਰ ਵਿਰੋਧਾਂ ਨੂੰ ਸਾਰਥਕ ਢੰਗ ਨਾਲ ਚਿਤਰਿਆ ਗਿਆ ਹਵੇ ਉਹ ਸਮੁੱਚੀ ਲੋਕਾਈ ਨੂੰ ਆਪਣੇ ਕਲਾਵ੍ਹੇ 'ਚ ਲੈਣ ਵਿਚ ਕਾਮਯਾਬ ਹੁੰਦੀ ਹੈ। ਤੇ ਜਿਸ ਵਿਚ ਬਗਾਵਤ ਲਈ ਜਾਂ ਲੜਨ ਲਈ ਪ੍ਰੇਰਿਆ ਗਿਆ ਹੋਵੇ ਉਹ ਸਦਾ ਹਰਮਨ ਪਿਆਰੀ ਤੇ ਜਿਉਂਦੀ ਰਹਿੰਦੀ ਹੈ। ਪੰਜਾਬੀ ਸਾਹਿਤ ਦੇ ਪੰਨਿਆਂ ਉਤੇ ਮਿਲਦਾ ਸੂਫੀ ਕਾਵਿ, ਜਾਂ ਗੁਰਬਾਣੀ, ਵਾਲੀਆਂ ਸਾਹਿਤਕ ਰਚਨਾਵਾਂ, ਜੰਗਨਾਮੇਂ ਸਨ ਜਾਂ ਆਜ਼ਾਦੀ ਦੀ ਲੜਾਈ-ਸਮੇਂ ਰਚੀਆਂ ਵਾਰਾਂ ਜਾਂ ਫਿਰ ਅਖੌਤੀ ਆਜ਼ਾਦੀ ਪਿਛੋਂ ਰਚਿਆ ਬਾਗੀਅਨਾ ਸੁਰ 'ਚ ਸਹਿਤ ਆਪਣੀ ਵਿਸ਼ੇਸ਼ ਪਹਿਚਾਨ ਰੱਖਦਾ ਹੈ।

ਕਵਿਤਾ ਜਾਂ ਗੀਤ ਜੋ ਬਾਗੀਆਨਾ ਸੁਰ 'ਚ ਰਚੇ ਗਏ ਹੁੰਦੇ ਹਨ ਨਾ ਸਿਰਫ ਧੁਰ ਅੰਦਰ ਤੱਕ ਉਤਰ ਜਾਂਦੇ ਹਨ, ਸਗੋਂ ਲੰਮਾਂ ਸਮਾਂ ਜਿਉਂਦੇ ਵੀ ਰਹਿੰਦੇ ਹਨ। ਗੱਲ ਕੀ ਕਵੀ ਮਨ ਖੋਜੀ ਵੀ ਹੈ ਤੇ ਕਲਾਕਾਰ ਵੀ। ਉਸ ਦੀਆਂ ਅੱਖਾਂ ਘੋਖੀ ਵੀ ਹੁੰਦੀਆਂ ਹਨ ਤੇ ਉਸ ਦੀ ਕਲਮ ਕਿਸੇ ਬੁੱਤ ਘਾੜੇ ਦਾ ਔਜ਼ਾਰ ਵੀ, ਉਹ ਮੁਕੰਮਲ ਜ਼ਿੰਦਗੀ ਚਿਤਰਨ ਲਗਿਆਂ, ਜ਼ਿੰਦਗੀ ਦੇ ਧੁਰ ਹੇਠਾਂ ਤੁਰ ਜਾਦਾ ਹੈ, ਜਾਂ ਕਹਿ ਲਵੋ, ਜ਼ਿੰਦਗੀ ਨਾਲ ਇਕ ਮਿੱਕ ਹੋ ਜਾਂਦਾ ਹੈ। ਸਦਾ ਜਿਊਣ ਵਾਲੀ ਰਚਨਾ 'ਚ ਕਲਮ ਨਾਲ ਤਰਾਸ਼ੇ ਹਰਫ਼ਾਂ ਵਿਚ, ਲੋਕ ਪੀੜਾਂ, ਲੋਕ ਸਨੇਹ, ਲੋਕ ਪਿਆਰ, ਚਿਤਰਿਆ ਹੁੰਦਾ ਹੈ। ਜੋ ਮਨੁੱਖ ਦੇ ਹਿਰਦੇ 'ਚ ਲਹਿ ਜਾਂਦੇ ਹਨ ਤੇ ਮਨੁੱਖ ਉਨ੍ਹਾਂ ਨੂੰ ਅਪਣਾ ਲੈਂਦਾ ਹੈ। ਗੱਲ ਕੀ ਸਹਿਤ ਬੰਦੇ ਤੋਂ ਸ਼ੁਰੂ ਹੁੰਦਾ ਹੈ ਤੇ ਬੰਦੇ 'ਚ ਹੀ ਸਮੋ ਜਾਂਦਾ ਹੈ।

ਪੰਜਾਬ ਵਿਚ ਅਜੋਕੀ ਪੰਜਾਬੀ ਤਵਿਤਾ ਜਿਸ ਨੂੰ ਵਿਦਰੋਹੀ ਜਾਂ ਬਾਗੀਆਨਾ ਸੁਰ ਵਾਲੀ ਕਵਿਤਾ ਕਿਹਾ ਜਾਂਦਾ ਹੈ, ਦਾ ਦੌਰ ਉਦੋਂ ਸ਼ੁਰੂ ਹੁੰਦਾ ਹੈ ਜਦੋਂ ਦਾਰਜੀ-ਲਿੰਗ ਜ਼ਿਲ੍ਹੇ 'ਚੋਂ 1967 'ਚ ਨਕਸਲਬਾੜੀ ਦੀ ਬਗਾਵਤ ਪੁੰਗਰਦੀ ਹੈ ਤੇ ਜੋ ਸਹਿਜੇ ਸਹਿਜੇ ਸਮੁੱਚੇ ਦੇਸ਼ ਨੂੰ ਆਪਣੇ ਕਲਾਵੇ ਵਿਚ ਲੈ ਲੈਂਦੀ ਹੈ। 1947 ਵਾਲੀ ਅਖੌਤੀ ਆਜ਼ਾਦੀ ਦਾ ਭਰਿਆੜ 20 ਸਾਲਾਂ 'ਚ ਹੀ ਬੋਲ ਜ਼ਾਂਦਾ ਹੈ। ਲੋਕਾਈ 'ਚ ਫੈਲੀ ਬੇਚੈਨੀ ਲਾਵਾ ਬਣ ਕੇ ਫੁੱਟਦੀ ਹੈ। ਚੁਫੇਰੇ ਫੁੱਟੇ ਇਸ ਲਾਵੇ ਦੇ ਅੰਗ ਪੰਜਾਬ 'ਚੋਂ ਵੀ ਨਿਕਲਦੇ ਹਨ। ਜੁਆਨੀ ਸਿਰਾਂ ਤੇ ਕੱਫਣ ਬੰਨ ਹਕੂਮਤ ਨੂੰ ਮਲੀਆਮੇਟ ਕਰਨ ਲਈ ਨਿਕਲ ਆਉਂਦੀ ਹੈ। ਸਹਿਤ ਦੇ ਖੇਤਰ ਵਿਚ ਵੀ ਤਿੱਖੀ ਛਲਾਂਗ ਲੱਗਦੀ ਹੈ ਤੇ ਲੋਹਾਂ ਕਲਮ ਬਣ ਕੇ ਕਾਗਜ਼ ਤੇ ਹਰਫ ਉਲੀਕਣ ਲੱਗਦਾ ਹੈ। ਉਕਰੇ ਹਰਫ ਹਕੂਮਤ ਦੇ ਢਾਂਚੇ 'ਚ ਛੇਕ ਕਰਨ ਲਗਦੇ ਹਨ 'ਤੇ ਕਲਮ ਤੇ ਸੰਘਰਸ਼ ਮਿਲ ਕੇ ਮੁੱਕਾ ਬਣ ਉਠਦੇ ਹਨ। ਇਸ ਸਮੇਂ ਦੀ ਕਲਮ ਨੂੰ ਸੰਘਰਸ਼ ਦੀ ਪਾਲ ਚਾੜ੍ਹਨ ਵਾਲਿਆਂ ਦੀ ਲੰਮੀ ਸੂਚੀ ਵਿਚੋਂ—ਲਾਲ ਸਿੰਘ ਦਿਲ, ਵਰਿਆਮ ਸੰਧੂ, ਸੰਤ ਸੰਧੂ-ਅਮਰਜੀਤ ਚੰਦਨ, ਸੰਤ ਰਾਮ ਉਦਾਸੀ, ਗੁਰਦੀਪ ਗਰੇਵਾਲ, ਜੋਗਾ ਸਿੰਘ ਦਰਸ਼ਨ ਖਟਕੜ ਲੋਕ ਨਾਥ-ਤੇ ਪਾਸ਼ ਗਿਣਨਯੋਗ ਹਨ। ਕਮਿਊਨਿਸਟ ਇਨਕਲਾਬੀਆਂ ਦੀ ਇਸ ਲਹਿਰ ਵਿਚੋਂ-ਪਾਸ਼-ਨਾਂ ਕਵਿਤਾ ਵਿਚ ਆਪਣੀ ਵੱਖਰੀ ਵਿਲੱਖਣਤਾ ਰੱਖਦਾ ਹੈ। ਜਾਂ ਕਹਿ ਲਉ ਸਮੁੱਚੇ ਦੌਰ ਦੀ ਕਵਿਤਾ ਵਿਚੋਂ ਉਹ ਇਕ ਹੀਰਾ ਹੈ, ਜਿਸ ਦੇ ਰਚੇ ਸ਼ਬਦ ਸਦਾ ਜਿਊਂਦੇ ਰਹਿਣ ਦੀ ਸਮਰਥਾ ਰੱਖਦੇ ਹਨ।

ਜ਼ਿੰਦਗੀ ਜੇ ਕਵਿਤਾ ਜੇਹੀ ਹੁੰਦੀ
ਅਸੀਂ ਖਾਮੋਸ਼ ਹੀ ਰਹਿੰਦੇ
ਸੁਪਨੇ ਜੇ ਪੱਥਰ ਦੇ ਹੁੰਦੇ
ਗੀਟਿਆਂ ਸੰਗ ਹੀ ਪਰਚ ਛੱਡਦੇ
ਪਰ ਇਥੇ ਕੁਝ ਨਹੀਂ ਦਿਸਦਾ
ਅਮਨ ਦੀਆਂ ਘੁੱਗੀਆਂ ਵਰਗਾ
ਗੀਤਾਂ ਦੇ ਦਰਖ਼ਤ ਨਹੀਂ ਲੱਭਦੇ
ਜਿੰਨਾਂ ਸੰਗ ਪੀਘਾਂ ਪਾ ਲਈਏ

ਅਸੀਂ ਤਾਂ ਖੋਹਣੀ ਹੈ
ਆਪਣੀ ਚੋਰ ਹੋਈ ਰਾਤਾਂ ਦੀ ਨੀਂਦ

ਜਿੰਨਾਂ ਨੂੰ ਆਪਣੀ ਹੀ ਨਹੀਂ ਸਮੁੱਚੀ ਮਨੁੱਖਤਾ ਹੀ ਚੋਰੀ ਹੋਈ ਨੀਂਦ ਦਾਂ ਫਿਕਰ ਹੋਵੇ ਉਹ 'ਸਾਧ' ਬਣ ਨਿਕਲ ਤੁਰਦੇ ਹਨ ਜ਼ਿੰਦਗੀ ਦੇ ਅਰਥ ਲੱਭਣ। ਪਾਸ਼ ਉਨ੍ਹਾਂ 'ਚੋਂ ਹੈ ਜੋ ਮਟਕ ਨਾਲ ਜੀਊਣਾ ਲੋਚਦੇ ਹੀ ਨਹੀਂ ਜ਼ਿੰਦਗੀ ਦੀ ਹਰ ਦਹਿਲੀਜ਼ ਤੇ ਹੀ ਮਟਕ ਨਾਲ ਕਦਮ ਧਰਦੇ ਹਨ। ਉਨ੍ਹਾਂ ਅੰਦਰ ਨਿੱਜ ਲਈ ਨਹੀਂ ਸਮੂਹ ਲਈ ਜੀਊਣ ਦੀ ਤੜਪ ਪਲ ਪਲ ਉਭਰਦੀ ਹੈ। ਜ਼ਿੰਦਗੀ ਦੇ ਗ਼ਮਾਂ ਨੂੰ ਦੁੱਖਾਂ ਨੂੰ ਉਹ ਜਾਮ ਸਮਝ ਕੇ ਪੀਣ 'ਚ ਸੁਆਦ ਲੈਂਦਾ ਹੈ। ਜ਼ਿੰਦਗੀ ਸਿਰਫ ਉਸ ਤੋਂ ਹੀ ਸੀਮਤ ਨਹੀਂ ਰਹਿੰਦੀ ਸਗੋਂ ਚੁਫੇਰੇ ਧੁੱਪ ਵਾਂਗ ਫੈਲ ਜਾਂਦੀ ਹੈ, ਅਤੇ ਸਮੁੱਚੀ ਮਨੁੱਖਤਾ ਨੂੰ ਆਪਣੇ ਕਲਾਵੇ ਵਿਚ ਲੈ ਲੈਂਦੀ ਹੈ। ਸਤਰੰਵਿਆਂ ਵਿਚ ਕੰਨ ਪੜਵਾਕੇ ਪੀਰੀ ਲੈਣ ਨਿਕਲੇ ਦਰਜਨਾਂ ਵਿਚੋਂ ਪੀਰੀ ਕੁਝ ਕੁ ਦੇ ਹੀ ਹੱਥ ਲੱਗੀ ਤੇ ਉਹਨਾਂ ਵਿਚੋਂ ਇਕ--ਪਾਸ਼--ਵੀ ਏ। ਜ਼ਿੰਦਗੀ ਦਾ ਕਟੋਰਾ ਚੁੱਕੀ ਜੋਗੀਆ ਵਿਚੋਂ--ਪਾਸ਼--ਮਨੁੱਖਤਾ ਦੇ ਦਰਦਾਂ 'ਚ ਵਿਆਕੁਲ ਹੋਇਆ ਫਿਰਦਾ ਹੈ।

ਕਿਉਂ ਸੁਣਾ ਦਿੱਤਾ ਜਾਂਦਾ ਹੈ ਹਰ ਵਾਰੀ ਪੁਰਾਣਾ ਚੁੱਟਕਲਾ
ਕਿਉਂ ਕਿਹਾ ਜਾਂਦਾ ਹੈ ਅਸੀਂ ਜਿਉਂਦੇ ਹਾਂ
ਜ਼ਰਾ ਸੋਚੋ
ਕਿ ਸਾਡੇ 'ਚ ਕਿੰਨਿਆਂ ਕੁ ਦਾ ਨਾਤਾ ਹੈ
ਜ਼ਿੰਦਗੀ ਵਰਗੀ ਸ਼ੈਅ ਨਾਲ

ਪਾਸ਼ ਨੇ ਜ਼ਿੰਦਗੀ ਨੂੰ ਜਿੰਨਾਂ ਨੇੜਿਓਂ ਹੋ ਕੇ ਤੱਕਿਆ ਉਨ੍ਹਾਂ ਹੀ ਗੰਭੀਰ ਹੋਇਆ। ਉਹ ਜਲਦੀ ਹੀ ਫੜ ਲੈਂਦਾ ਹੈ ਕਿ ਸਾਡੀ ਨੀਂਦ ਕੌਣ ਚੁਰਾ ਕੇ ਲੈ ਗਿਆ ਹੈ, ਸਾਡੇ ਨਾਲ ਧੋਖਾ ਹੋਇਆ ਹੈ। ਜ਼ਿੰਦਗੀ ਨੂੰ ਨਵੇਂ ਅਰਥ ਦੇਣੇ ਪੈਣੇ ਹਨ, ਨਿਘਰ ਚੁੱਕੀਆ ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਉਤੇ ਹਮਲੇ ਵਿੱਢਦਾ ਹੈ, ਨਰੋਈ ਜ਼ਿੰਦਗੀ ਲਈ ਲੜਾਈ ਦਾ ਐਲਾਨ ਕਰਦਾ ਹੈ। ਉਹ ਪਾ ਲੈਂਦਾ ਹੈ ਆਵਾਮ ਜੋ ਦਿਨੋ ਦਿਨ ਨਰਕੀ ਜ਼ਿੰਦਗੀ ਵੱਲ ਧੱਕੀਦਾ ਜਾ ਰਿਹਾ ਹੈ ਤਾਂ ਇਸ ਸਮੇਂ ਨਵੀਂ ਜ਼ਿੰਦਗੀ ਲਈ ਲੜਾਈ ਵਿੱਢਣਾ ਹੀ ਇਕੋ ਇਕ ਰਾਹ ਹੈ। ਇਸ ਲੜਾਈ ਵਿਚ ਕੁੱਦਣਾ ਹੀ ਪਹਿਲ ਪ੍ਰਿਥਮਾ ਕਾਰਜ ਹੈ। ਆਪਣੀ ਜ਼ੁੰਮੇਂਵਾਰੀ ਉਟ ਕੇ ਐਲਾਨ ਕਰਦਾ ਹੈ :—

ਅਸੀਂ ਜੰਮਣਾ ਨਹੀਂ ਸੀ
ਅਸੀਂ ਲੜਨਾ ਨਹੀਂ ਸੀ
ਅਸੀਂ ਤਾਂ ਬਹਿ ਕੇ ਹੋਮ ਕੁੰਟ ਤੇ ਭਗਤੀ ਕਰਨੀ ਸੀ
ਪਰ ਜਦ ਸਤਲੁਜ ਦੇ ਪਾਣੀ ਚੋਂ ਭਾਫ਼ ਉਠੀ
ਤਾਂ ਮੈਂ ਕਿਹਾ ਚਲ ਚਲੀਏ
ਪਾਪਾਂ ਦਾ ਤਾਂ ਭਾਰ ਵਧਦਾ ਜਾਂਦਾ ਹੈ
ਤੇ ਹੁਣ ਅਸੀਂ ਆਏ ਹਾਂ
ਆਹ ਲਉ ਸਾਡਾ ਜ਼ਫਰਨਾਮਾ
ਸਾਨੂੰ ਸਾਡੇ ਹਿੱਸੇ ਦੀ ਕਟਾਰ ਦੇ ਦੇਵੋ
ਅਸਾਡਾ ਪੇਟ ਹਾਜ਼ਰ ਹੈ—

—ਮੈਂ ਹਾਲਾਤ ਨਾਲ ਸਮਝੌਤਾ ਕਰਕੇ
ਸਾਹ ਘਸੀਟਣੇ ਨਹੀਂ ਚਾਹੁੰਦਾ
ਮੇਰੇ ਯਾਰੋ
ਮੈਨੂੰ ਇਸ ਕਤਲੇ ਆਮ ਵਿਚ ਸ਼ਰੀਕ ਹੋ ਜਾਣ ਦਿਉ

ਪਾਸ਼ ਹਕੂਮਤ ਖਿਲਾਫ ਉੱਠੀ ਰੋਹਲੀ ਆਵਾਜ਼ ਦਾ ਪ੍ਰਤੀਨਿਧ ਕਵੀ ਹੈ। ਉਸ ਦੀ ਕਵਿਤਾ ਦਾ ਸਮੁੱਚਾ ਦ੍ਰਿਸ਼ਟੀਕੋਨ-ਵਿਗਿਆਨਕ ਹੈ ਅਤੇ ਕੇਂਦਰੀ ਬਿੰਦੂ ਜਿਸ ਉਤੇ ਉਹ ਸੱਟ ਮਾਰਦਾ ਹੈ ਭਾਰਤੀ ਰਾਜ ਪ੍ਰਬੰਧ। ਉਹ ਆਪਣੇ ਸ਼ਬਦਾਂ ਅਤੇ ਕਲਮ ਨਾਲ ਲੜ ਰਹੇ ਜਾਂ ਲੜਨ ਲਈ ਔਹਲ ਰਹੇ ਮਨੁੱਖਾਂ ਦੇ ਮਾਨਸਿਕ ਵਿਹਾਰ ਨੂੰ ਚਿਤਰਦਾ ਹੈ, ਉਹ ਲੜਾਈ ਦੀ ਲੋੜ ਦਾ ਅਹਿਸਾਸ ਕਰਵਾਉਂਦਾ ਹੈ। ਹਰ ਯਥਾਰਥ ਸਿਰਫ ਉਪਰਲੀ ਜਾਂ ਸਤਿਹੀ ਪੱਧਰ ਤੇ ਹੀ ਨਹੀਂ ਹੁੰਦਾ ਸਗੋਂ ਹਕੀਕੀ ਤੇ ਨਿਰੀਖਕ ਅੱਖ ਹੀ ਇਸ ਨੂੰ ਧੁਰ ਅੰਦਰ ਤੱਕ ਦੇਖ ਸਕਦੀ ਹੈ। ਇਸ ਦੀ ਅੰਤਰ ਕ੍ਰਿਆ ਨੂੰ ਸਮਝ ਸਕਦੀ ਹੈ। ਪਾਸ਼ ਦੇ ਹੱਥ ਹਕੀਕਤ ਦੀ ਨਸ਼ਤਰ ਹੀ ਨਹੀਂ ਉਹ ਜ਼ਿੰਦਗੀ ਦੇ ਅੰਤਰ ਵਿਰੋਧਾਂ ਨੂੰ ਵੀ ਦੂਰ ਦ੍ਰਿਸ਼ਟੀ ਨਾਲ ਚਿਤਰਦਾ ਹੈ। ਭਾਰਤੀ ਸਮਾਜ ਦੇ ਜਮਾਤਾਂ ਵਿਚ ਵੰਡੇ ਹੋਣ ਬਾਰੇ ਉਹਨੂੰ ਸਾਫ ਤੇ ਸਪੱਸ਼ਟ ਹੈ ,—

ਜਮਾਤਾਂ ਸਿਰਫ ਡੈਸਕਾਂ ਤੇ ਹੀ ਨਹੀਂ ਹੁੰਦੀਆਂ,
ਬਾਹਰ ਬਾਜ਼ਾਰਾਂ ਵਿਚ ਵੀ ਹੁੰਦੀਆਂ ਹਨ।

ਉਹ ਜਮਾਤੀ ਪੈਂਤੜੇ ਤੋਂ ਲੜ ਕੇ ਹੀ ਇਸ ਸਮਾਜ ਵਿਚ ਖੌਰੂ ਪਾਉਣਾ ਚਾਹੁੰਦਾ ਹੈ ਅਤੇ ਇਸ ਨੂੰ ਬਦਲਣਾ ਚਾਹੁੰਦਾ ਹੈ। ਉਸ ਨੂੰ ਸਾਫ ਹੈ ਕਿ ਲੜਨ ਦੀ ਲੋੜ ਕਿਹੜੇ ਲੋਕਾਂ ਨੂੰ ਹੈ ਅਤੇ ਕਿਸ ਤਾਤਰਿਕ ਢੰਗ ਨਾਲ ਲੜਾਈ 'ਚ ਅੱਗੇ ਵਧਿਆ ਜਾ ਸਕਦਾ ਹੈ। ਭਾਰਤੀ ਸਮਾਜ ਵਿਚ ਆ ਰਹੀਆਂ ਤਬਦੀਲੀਆਂ ਨੂੰ ਵੀ ਉਹ ਨੋਟ ਕਰਦਾ ਹੈ ਉਸ ਦੀ ਕਵਿਤਾ ਭਾਵੇਂ ਪੇਂਡੂ ਸ਼ਬਦਾਵਲੀ ਵਿਚ ਇਕ ਆਮ ਬੰਦੇ ਦੀ ਪੱਧਰ ਤੋਂ ਖੜ ਕੇ ਲਿਖੀ ਹੈ ਪਰ ਫੇਰ ਵੀ ਸਾਫ ਤੇ ਸਪੱਸ਼ਟ ਨਿਸ਼ਾਨ ਦੇਹੀ ਕਰਦੀ ਹੈ ਕਿ ਮੌਜੂਦਾ ਭਾਰਤੀ ਪ੍ਰਬੰਧ ਵਿਚ ਰਾਜ ਭਾਗ 'ਤੇ ਭਾਰੂ ਸਰਮਾਏਦਾਰ ਜਮਾਤ ਨੂੰ ਵਿਸ਼ਾਲ ਕਿਰਤੀ ਲੋਕਾਂ ਦੀ ਏਕਤਾ ਨਾਲ ਹੀ ਪਲਟਿਆ ਜਾ ਸਕਦਾ ਹੈ। ਐਨੀ ਸਰਲ ਬੋਲੀ ਅਤੇ ਐਨੇ ਠੋਸ ਸ਼ਬਦਾਂ ਵਿਚ ਗਲ ਕਹਿਣੀ-ਪਾਸ਼-ਦੇ

ਜ਼ਿੰਮੇਂ ਹੀ ਆਈ ਹੈ :—

ਜੇ ਤੁਸੀਂ ਮਾਣੀ ਹੋਵੇ
ਮੰਡ 'ਚ ਜੰਮਦੇ ਗੁੜ ਦੀ ਮਹਿਕ
ਤੇ ਤੱਕਿਆ ਹੋਵੇ ਸੁਹਾਗੀ ਹੋਈ ਵੱਤਰ ਭੋਂ ਦਾ
ਚੰਨ ਚਾਨਣੀ 'ਚ ਚਮਕਣਾ
ਤਾਂ ਤੁਸੀਂ ਸਭ ਕੋਈ ਜ਼ਰੂਰ ਚਾਰਾ ਕਰੋ
ਹਾਬੜੀ ਹੋਈ ਉਸ ਵੋਟ ਦੀ ਪਰਚੀ ਦਾ
ਜੋ ਲਾਲਾਂ ਸੁੱਟ ਰਹੀ ਹੈ
ਸਾਡੀ ਖੂਹ ਦੀ ਹਰਿਆਲੀ 'ਤੇ
ਜਿੰਨਾਂ ਨੇ ਤੱਕੀਆਂ ਨੇ
ਕੋਠਿਆਂ ਤੇ ਸੁਕਦੀਆਂ ਸੁਨਿਹਰੀ ਛੱਲੀਆਂ
ਤੇ ਨਹੀਂ ਤੱਕੇ ਮੰਡੀ 'ਚ ਸੁੱਕਦੇ ਭਾਅ
ਓਹ ਕਦੇ ਨਹੀਂ ਸਮਝ ਸਕਣ ਲੱਗੇ
ਕਿ ਕਿਵੇਂ ਦੁਸ਼ਮਣੀ ਹੈ
ਦਿੱਲੀ ਦੀ ਹੁਕਮਰਾਨ ਔਰਤ ਦੀ
ਉਸ ਪੈਰੋਂ ਨੰਗੀ ਪਿੰਡ ਦੀ ਸੁਹਣੀ ਕੁੜੀ ਨਾਲ

ਉਹਦੀ ਇਨਕਲਾਬੀ ਸੁਰ ਵੇਲਾ ਵਿਹਾ ਚੁਕੇ ਰਿਸ਼ਤਿਆਂ ਦਾ ਵਿਰੋਧ ਹੈ । ਉਹ ਇਨਕਲਾਬ ਲਈ ਉਰਰਾਮ ਨਹੀਂ ਸਗੋਂ ਜਾਣਦਾ ਹੈ ਕਿ ਪੁਰਾਣੇ ਜਮਾਤੀ ਪ੍ਰਬੰਧ ਨੂੰ ਤੋੜਨਾ ਸੁਖਾਲਾ ਨਹੀਂ । ਜਮਾਤਾਂ ਵਿਚ ਵੰਡੇ ਸਮਾਜ ਵਿਚ ਸਪੱਸ਼ਟ ਨਿਸ਼ਾਨ ਦੇਹੀ ਕਰਕੇ ਆਪਣੀ ਲੜਾਈ ਨੂੰ ਸੂਤਰਿਤ ਕਰਨ ਕਰਕੇ ਹੀ ਉਹ ਕਿਰਤੀ ਜਮਾਤ ਦੇ ਸਿਧਾਂਤ ਨਾਲ ਸਪਸ਼ਟ ਤੇ ਸਾਫ ਵਫ਼ਾ ਨਿਭਾਉਂਦਾ ਹੈ। ਜਿਵੇਂ ਮਾਰਕਸੀ ਚਿੰਤਕ ਹੰਸ ਰਾਜ ਰਹਿਬਰ ਹੋਰਾਂ ਕਿਹਾ ਹੈ ਕਿ "ਜਮਾਤਾਂ ਜਾ ਵਾਦ ਤੋਂ ਅਲੱਗ ਅਮੂਰਤ ਚਿੰਤਨ ਜਾਂ ਸੰਤਠਕ ਚਿੰਤਨ ਨਾਂ ਦੀ ਕਿਸੇ ਚੀਜ਼ ਦੀ ਹੋਂਦ ਨਹੀਂ ਨਿਰਾ ਭਰਮ ਹੈ।" ਪਾਸ਼ ਵੀ ਇਸ ਕਥਨ ਤੇ ਮੋਹਰ ਲਾਉਂਦਾ ਹੈ। ਇਹ ਕਾਰਨ ਕਿ ਨੰਗੇ ਪੈਰਾਂ ਵਾਲੀ ਪਿੰਡ ਦੀ ਕੁੜੀ ਦੀ ਦਿੱਲੀ ਦੀ ਹੁਕਮਰਾਨ ਔਰਤ ਨਾਲ ਦੁਸ਼ਮਣੀ ਦੀ ਨਿਸ਼ਾਨ ਦੇਹੀ ਬਹੁਤ ਸਾਫ ਹੈ। ਜੇ ਉਹ 'ਕੱਖਾਂ ਦੀ ਕੁਲੀ' ਨੂੰ 'ਮਹਿਲਾ ਨਾਲ' ਟੱਕਰ ਲੈਣ ਬੀ ਗੱਲ ਕਰਦਾ ਹੈ ਤਾਂ ਉਹ ਜਿਹੜੀ ਲੜਾਈ ਲੜਣੀ ਚਾਹੁੰਦਾ ਹੈ ਉਸ ਦੀ ਹਕੀਕੀ ਤਸਵੀਰ ਖਿੱਚਦਾ ਹੈ। ਉਹ 'ਖੇਤਾਂ ਦਾ ਜੂ ਪੁੱਤ' ਹੈ, ਖੇਤਾਂ ਨਾਲ ਬੇਵਫਾਈ ਕਿਵੇਂ ਕ੍ਰਰ ਸਕਦਾ ਹੈ ਉਹ ਤਾਂ ਹਾਕਮਾਂ ਦੇ ਚੱਗਲੇ ਹੋਏ ਸਵਾਦਾਂ ਉੱਤੇ ਥੁੱਕਦਾ ਹੈ । ਜ਼ਿੰਦਗੀ ਨਾਲ ਉਹਦਾ ਭਾਵੁਕ ਮੋਹ ਵੀ ਹੈ ਤੇ ਲੜਨ ਦੀ ਲੋੜ ਤਰਕਮਈ ਢੰਗ ਨਾਲ । ਮਨੁੱਖ ਅੰਦਰ ਜੇ ਭਾਵਕਤਾ ਨਹੀਂ ਤਾਂ ਉਹ ਲੜਾਈ ਦੇ ਮੈਦਾਨ ਵਿਚ ਕਚੀਚੀ ਵੱਟ ਕੇ ਦੁਸ਼ਮਨ ਤੇ ਨਹੀਂ ਟੁੱਟ ਸਕਦਾ ਤੇ ਪਾਸ਼ ਵਿਚ ਇਹ ਹੈ। ਵਿਸ਼ਵਾਸ਼ ਜਮਾਤੀ ਪੈਂਤੜੇ ਤੋਂ ਲੜਨ ਵਿਚ ਹੀ ਹੈ :—

ਦਰ ਅਸਲ
ਇਥੇ ਹਰ ਥਾਂ 'ਤੇ ਇਕ ਬਾਰਡਰ ਹੈ
ਜਿਥੇ ਸਾਡੇ ਹੱਕ ਖਤਮ ਹੁੰਦੇ ਹਨ
ਪਤਵੰਤੇ ਲੋਕਾਂ ਦੇ ਸ਼ੁਰੂ ਹੁੰਦੇ ਹਨ
ਜਾਂ
ਮੈਂ ਜੋ ਵੀ ਜ਼ਿੰਦਗੀ ਦਾ ਪਲ ਬਚਾਇਆ ਹੈ
ਉਹਦੇ ਹਰ ਹੱਕ ਲਈ ਵਿਦਰੋਹ ਕਰਾਂਗਾ
ਮੈਂ ਨਿੱਤ ਮਨੇਸੂਰ ਨਹੀਂ ਬਣਨਾ
ਮੈਂ ਸੂਲੀ ਨਹੀਂ ਚੜਾਂਗਾ
ਮੈਂ ਆਪਣੀ ਸ਼ਾਂਤ ਸੀਮਾ ਵਿਚ
ਖੌਰੂ ਪਾ ਦਿਆਂਗਾ

ਜ਼ਿੰਦਗੀ ਨੂੰ ਵਰਨ ਲਈ, ਚੋਰੀ ਹੋਈਆਂ ਖੁਸ਼ੀਆਂ ਦੇ ਪਲਾਂ ਨੂੰ ਮੁੜ ਭਾਲਣ ਲਈ ਲੜਾਈ ਲੜਨੀ ਪੈਣੀ ਹੈ ਇਸ ਲਈ ਉਹ ਨਾਹਰਾ ਲਾਉਂਦਾ ਹੈ ਜ਼ਿੰਦਗੀ ਦੀ ਮੁਕਤੀ ਲਈ ਲੜਾਈ ਵਾਸਤੇ ਖੂਨ ਦੀ ਮੰਗ ਕਰਦਾ ਹੈ :—

ਉਠੋ ਕਾਮਿਉਂ ਮਜ਼ਦੂਰੋ
ਝੰਬੇਲਿਆਂ 'ਤੇ ਲਾਲ ਝੰਡੇ ਲਹਿਰਾਕੇ
ਬਹਿਣ ਨਾਲ ਕੁਝ ਨਹੀਂ ਸੌਰਨਾ
ਇਸ ਨੂੰ ਆਪਣੇ ਲਹੂ ਨਾਲ ਰੰਗ ਦੇਵੋ

ਸਾਡੇ ਕਵਿਤਾ ਦੇ ਅੱਲੋਚਕਾਂ ਦਾ ਇਹੋ ਕਥਨ ਹੈ ਕਿ ਕਵਿਤਾ ਵਿਚ ਨਾਹਰੇਬਾਜ਼ੀ ਨਹੀਂ ਹੁੰਦੀ। ਪਰ ਜੋ ਕਵੀ ਜ਼ਿੰਦਗੀ ਦੀ ਮੁਕਤੀ ਲਈ ਲੜਾਈ ਲੜਨ ਵਾਲੇ ਕਾਫਲਿਆਂ ਦੀਆਂ ਮੂਹਰਲੀਆਂ ਕਤਾਰਾਂ ਵਿਚੁ ਖੜ ਕੇ ਰਚਨਾ ਕਰਦੇ ਹਨ ਉਨ੍ਹਾਂ ਦੀ ਕਵਿਤਾ ਚੋਂ ਨਾਹਰੇ ਦਾ ਟੱਪਕਣਾ ਸੁਭਾਵਕ ਹੀ ਹੈ। ਕਵਿਤਾ 'ਚ ਨਾਹਰੇ ਦਾ ਹੋਣਾ ਕੋਈ ਮੇਹਣਾ ਨਹੀਂ ਹੁੰਦਾ, ਸਗੋਂ ਹੋਣਾ ਇਹ ਚਾਹੀਦਾ ਹੈ ਕਿ ਇਹ ਨਾਹਰਾ ਆਵਾਮ ਨੂੰ ਧੁਰ ਅੰਦਰੋਂ ਹਲੂਣਦਾ ਹੋਵੇ ਸਿਰਫ ਸ਼ਬਦੀ ਨਾਹਰੇ ਬਾਜ਼ੀ ਨਾ ਬਣ ਕੇ ਰਹਿ ਜਾਵੇ। ਪਾਸ਼ ਨੂੰ ਇਹ ਮਾਣ ਹੈ ਕਿ ਉਹ ਜੋ ਸ਼ਬਦ ਰਚਦਾ ਹੈ, ਉਹ ਅਵਾਮ ਦੇ ਧੁਰ ਅੰਦਰ ਧੁੱਸ ਜਾਂਦੇ ਹਨ। ਉਸ ਦੇ ਅੰਦਰ ਵਿਦਰੋਹ ਦੀ ਚਿੰਗਾਰੀ ਸੁੱਟਦੇ ਹਨ। ਉਹ ਇਕ ਕਵੀ ਵੀ ਹੈ ਅਤੇ ਜੁਝਾਰੂ ਸਿਪਾਹੀ ਵੀ। ਜੇ ਮੈਦਾਨ 'ਚ ਨਿਤਰਿਆ ਹੈ ਤਾਂ ਹਰ ਪਲ ਵਿਦਰੋਹ 'ਚ ਲਾ ਦਿੰਦਾ ਹੈ।

ਮੈਂ ਇਕ ਰੋਂਦੂ ਨਹੀਂ, ਕਵੀ ਹਾਂ
ਕਿਸ ਤਰ੍ਹਾਂ ਚੁੱਪ ਰਹਿ ਸਕਦਾ ਹਾਂ
ਮੈਂ ਕਦ ਮੁਕਰਦਾ ਹਾਂ ਕਿ, ਮੈਂ ਕਤਲ ਨਹੀਂ ਕਰਦਾ
ਮੈਂ ਕਾਤਲ ਵੀ ਹਾਂ
ਉਨ੍ਹਾਂ ਦਾ, ਜੋ ਮਨੁੱਖਤਾ ਕਤਲ ਕਰਦੇ ਹਨ,

ਹੱਕ ਨੂੰ ਕਤਲ ਕਰਦੇ ਹਨ
ਸੱਚ ਨੂੰ ਕਤਲ ਕਰਦੇ ਹਨ

ਪਾਸ਼ ਇਕ ਨਿਰੋਲ ਪੇਂਡੂ ਪਿਛੋਕੜ ਦਾ ਕਵੀ ਹੈ ਅਤੇ ਜਦ ਵੀ ਉਹ ਸ਼ਬਦ ਝਰੀਟਦਾਂ ਹੈ ਆਪਣੇ ਆਲੇ ਦੁਆਲਿਉਂ ਹੀ ਭਾਲਦਾ ਹੈ। ਉਹ ਨੇ ਨਵੇਂ ਨਵੇਂ ਬਿੰਬ ਲਏ ਹਨ। ਅਤੇ ਉਨ੍ਹਾਂ ਦੀ ਜਿਸ ਢੰਗ ਨਾਲ ਵਰਤੋਂ ਕੀਤੀ ਹੈ ਉਸ ਦੀ ਆਪਣੀ ਇਕ ਉਚੇਰੀ ਵਿਸ਼ੇਸ਼ਤਾ ਹੈ। ਉਸ ਦੇ ਸਾਰੇ ਬਿੰਬ ਪੇਂਡੂ ਅਰਥ ਚਾਰੇ, ਵਾਤਾਵਰਨ, ਪ੍ਰਚਲਤ ਰਸਮਾਂ ਰਿਵਾਜਾਂ ਨਾਲ ਸਬੰਧਤ ਹਾਲਤਾਂ ਵਿਚੋਂ ਹਨ। ਅਤੇ ਇਨ੍ਹਾਂ ਦੀ ਵਰਤੋਂ ਵੇਲੇ ਵਰਤੀ ਕਲਾ ਉਸ ਦੇ ਵਿਚਾਰਾਂ ਨੂੰ ਹੋਰ ਵੱਧ ਸਪੱਸ਼ਟ ਕਰਨ, ਨਿਖਾਰਨ ਅਤੇ ਤਾਕਤ ਦੇਣ ਵਿਚ ਸਹਾਈ ਹੋਈ ਹੈ। ਇਨ੍ਹਾਂ ਬਿੰਬਾਂ ਦੀ ਸਾਦਗੀ ਅਤੇ ਕਲਾਤਮਕ ਢੰਗ ਨਾਲ ਵਰਤਨ ਕਾਰਨ ਹੀ ਉਹ ਆਪਣੇ ਸਮਕਾਲੀ ਕਵੀਆਂ ਨਾਲੋਂ ਆਪਣੀ ਅਲੱਗ ਪਹਿਚਾਨ ਸਥਾਪਤ ਕਰਦਾ ਹੈ। ਬਿੰਬ ਤੇ ਬਣਤਰ ਨਾਲ ਕਵਿਤਾ ਵਿਸ਼ੇਸ਼ ਲੱਛਣ ਵੀ ਸਮੋਂ ਲੈਂਦੀ ਹੈ। ਪਾਸ਼ ਨੇ ਇਹ ਧਾਰਨਾ ਨੂੰ ਰੱਦ ਕਰਕੇ ਦਿਖਾਇਆ ਹੈ ਕਿ ਪੇਂਡੂ ਬਿੰਬਵਲੀ ਦੀ ਵਰਤੋਂ ਇਕ ਵੇਲਾ ਵਿਹਾ ਚੁੱਕੀ ਕਾਵਿਕ ਤਕਨੀਕ ਹੈ। ਸਗੋਂ ਉਸ ਦੀ ਕਵਿਤਾ ਦੀ ਮਕਬੂਲੀਅਤ ਵਿਚ ਇਕ ਇਹ ਵੀ ਕਾਰਨ ਬਣਿਆ ਹੈ। ਉਸ ਦੀ ਕਵਿਤਾ ਵਿਚ ਵਿਸ਼ਾ ਵਸਤੂ ਤੇ ਰੂਪ ਦੀ ਪੂਰਨ ਇਕਸਾਰਤਾ ਵੀ ਸੋਹਣੇ ਰੂਪ 'ਚ ਮਿਲਦੀ ਹੈ ਜੋ ਕਿ ਕਲਾ ਕਿਰਤ ਦਾ ਸਭ ਤੋਂ ਅਹਿਮ ਗੁਣ ਹੈ। ਭਾਸ਼ਾ ਤੇ ਜੁਗਤ ਸ਼ੈਲੀ ਦੀ ਕਮਾਲ ਦੀ ਕਲਾਕਾਰੀ ਪਾਸ਼ ਦੀ ਆਪਣੀ ਨਿਵੇਕਲੀ ਵਿਰਾਸਤ ਹੈ।

ਉਸ ਦੀ ਕਵਿਤਾ ਨੂੰ ਸਮਝਨ ਲਈ ਠੀਕ ਸੰਦਰਭ 'ਚ ਰੱਖ ਕੇ ਦੇਖਣਾ ਪੈਂਦਾ ਹੈ ਵਰਨਾ ਅਰਥਾਂ ਦੇ ਅਨਅਰਥ ਵੀ ਹੋ ਜਾਂਦੇ ਹਨ। ਅਗਾਹਵਧੂ ਵਿਚਾਰਧਾਰਾ ਦੇ ਜੁਮਰੇ 'ਚ ਆਉਂਦੀ ਹੋਈ ਵੀ ਉਸ ਦੀ ਕਵਿਤਾ ਵੱਖਰੀ ਕਾਵਿ ਪਰੰਪਰਾ ਕਾਇਮ ਕਰਦੀ ਹੈ। ਉਸ ਵਲੋਂ 'ਮੈਂ' ਅਤੇ 'ਮੇਰੀ ਦੋਸਤ' ਨੂੰ ਸੰਬੋਧਤ ਹੋ ਕੇ ਲਿਖੀਆਂ ਕਵਿਤਾਵਾਂ, ਜੀਵਨ ਦੇ ਧੁਰ ਹੇਠਾਂ ਜਾ ਕੇ ਲਿਖੀਆਂ ਗਈਆਂ ਹਨ। 'ਮੈਂ' ਨੂੰ ਪਰਮ ਮਨੁੱਖ ਦੇ ਤੌਰ ਤੇ ਸੰਬੋਧਤ ਹੁੰਦਾ ਹੋਇਆ ਵੀ ਉਹ ਸਮੂਹ ਦੀ ਆਵਾਜ਼ 'ਚ ਗੱਲ ਕਰਦਾ ਹੈ ਅਤੇ 'ਹੇ ਮੇਰੀ ਦੋਸਤ' ਨੂੰ ਜੇ ਮੁਖਾਤਬ ਹੋਇਆ ਹੈ ਤਾਂ ਇਸ ਵਿਚ ਵੀ ਸਿਰਫ 'ਔਰਤ' ਨਾਲ ਨਹੀਂ ਸਮੁੱਚੀ ਮਨੁੱਖਤਾ ਦੇ ਦਰਦ ਨੂੰ ਸਭ ਨਾਲ ਸਾਂਝਾਂ ਕਰਦਾ ਹੈ। ਜੀਵਨ ਦੇ ਧੁਰ ਅੰਦਰ ਖੁਭੇ ਹੋਣ ਵਾਲੇ ਮਨੁੱਖ ਹੀ ਹੇਠਲੀ ਸਤਿਹ ਤੇ ਪਹੁੰਚ ਸਕਣ ਦੇ ਸਮਰਥ ਹੁੰਦੇ ਹਨ। ਇਹੀ ਕਾਰਨ ਕਿ ਉਹ ਜਿੰਨਾਂ ਜ਼ਿੰਦਗੀ ਦੀਆਂ ਡੂੰਘਾਈਆਂ ਵਿਚ ਧੁੱਸਦਾ ਜਾਂਦਾ ਹੈ ਉਸ ਦੀ ਕਵਿਤਾ ਹੋਰ ਯਥਾਰਥੀ ਹੋਰ ਹਕੀਕਤਮੁੱਖੀ ਹੋਈ ਜਾਂਦੀ ਹੈ। ਯਥਾਰਥੀ ਕਵਿਤਾ ਵਿਚ ਕੋਮਲਤਾ ਦੀਆਂ ਡੂੰਘਾਈਆਂ ਨੂੰ ਜਿਸ ਨੇ ਵੀ ਛੂਹਿਆ ਉਹ ਹੀ ਕਵਿਤਾ ਵਿਸ਼ਾਲ ਪਾਠਕਾਂ ਨੂੰ ਆਪਣੇ ਕਲਾਵੇ 'ਚ ਲੈ ਦੀ ਗਈ, **'ਮੈਂ ਹੁਣ ਵਿਦਾ ਹੁੰਦਾ ਹਾਂ'** ਕਵਿਤਾ ਕਿਸੇ ਨਿਰਾਸ਼ਤਾ ਜਾਂ ਉਪਰਾਮਤਾ ਦਾ ਇਜ਼ਹਾਰ ਨਹੀਂ। ਜ਼ਿੰਦਗੀ ਦਾ ਅਰਥ ਹੀਣਤਾ ਤਾਂ ਭਾਂਜ ਖਾ ਰਹੇ ਲੇਖਕ ਨੂੰ ਪੁੱਗ ਸਕਦੀ ਹੈ :—

ਧੁੱਪ ਵਾਂਗ ਧਰਤੀ ਤੇ ਵਿਛ ਜਾਣਾ
ਤੇ ਫਿਰ ਗਲਵਕੜੀ 'ਚ ਸਿਮਟ ਜਾਣਾ
ਬਾਰੂਦ ਵਾਂਗ ਭੜਕ ਉੱਠਣਾ
ਤੇ ਚੌਹ ਕੂੰਟੀ ਗੂੰਜ ਜਾਣਾ
ਜੀਣ ਦਾ ਇਹੋ ਸਲੀਕਾ ਹੁੰਦਾ ਹੈ।
ਤੂੰ ਇਹ ਸਾਰਾ ਕੁੱਝ ਭੁੱਲ ਜਾਂਵੀ, ਮੇਰੀ ਦੋਸਤ
ਸਿਵਾ ਇਕ ਤੋਂ
ਕਿ ਮੈਨੂੰ ਜੀਣ ਦੀ ਬਹੁਤ ਲੋਚਾ ਸੀ
ਕਿ ਮੈਂ ਗਲੇ ਤੀਕ ਜ਼ਿੰਦਗੀ 'ਚ ਖੁੱਭਣਾ ਚਾਹੁੰਦਾ ਹਾਂ
ਮੇਰੇ ਹੀ ਹਿੱਸੇ ਦਾ ਜੀਅ ਲੈਣਾ ਮੇਰੀ ਦੋਸਤ
ਮੇਰੇ ਹੀ ਹਿੱਸੇ ਦਾ ਜੀਅ ਲੈਣਾ

ਉਸ ਅੰਦਰ ਜੀਣ ਦੀ ਖਾਹਿਸ਼ ਧੁਰ ਅੰਦਰ ਤੱਕ ਖੁੱਭੀ ਹੋਈ ਹੈ ਤੇ ਉਹ ਜੀਉਣ ਲਈ ਹੀ ਲੜਨਾ ਚਾਹੁੰਦਾ ਹੈ :—

ਉਡ ਗਏ ਨੇ ਬਾਜ ਚੁੰਝਾਂ 'ਚ ਲੈ ਕੇ
ਸਾਤੇ ਚੈਨ ਨਾਲ ਇਕ ਪਲ ਬਿਤਾ ਸਕਣ ਦੀ ਖਾਹਿਸ਼
ਦੋਸਤੋ ਹੁਣ ਚਲਿਆ ਜਾਵੇ
ਉਡਦੇ ਬਾਜ਼ਾਂ ਦੇ ਮਗਰ

ਉਹ ਐਵੇਂ ਮੁੱਚੀ ਦੀ ਜ਼ਿੰਦਗੀ ਲਈ ਨਹੀਂ ਸੱਚੀ ਮੁੱਚੀ ਦੀ ਜ਼ਿੰਦਗੀ ਲਈ ਲੜਨਾ ਚਾਹੁੰਦਾ ਹੈ। ਉਹ ਅਜੇਹੇ ਗੀਤ ਚਾਹੁੰਦਾ ਹੈ ਜਿਸ ਨਾਲ ਜ਼ਿੰਦਗੀ ਦੇ ਗੀਤ ਬਣ ਸਕਣ ਜ਼ਿੰਦਗੀ ਦਾ ਰਾਗ ਬਣ ਸਕੇ। ਜ਼ਿੰਦਗੀ ਦੇ ਇਹ ਗੀਤ ਇਹ ਰਾਗ ਜਿਹਨਾਂ ਖੋਹੇ ਹਨ ਉਸ ਖਿਲਾਫ ਬੇਕਿਰਕ ਲੜਾਈ, ਉਸਦੇ ਹਿਸੇ ਆਈ ਹੈ। ਚੰਗੇਰੀ ਜ਼ਿੰਦਗੀ ਲਈ ਲੜਦਿਆਂ, ਮਰ ਜਾਣਾ ਉਸ ਦੀ ਜ਼ਿੰਦਗੀ ਦੇ ਇਸ਼ਕ ਦੀ ਸਭ ਤੋਂ ਉਪਰਲੀ ਮੰਜ਼ਿਲ ਹੈ। ਇਹੀ ਕਾਰਨ ਕਿ ਸਮੇਂ ਦੀ ਹਕੂਮਤ ਨੂੰ, ਨਿਜ਼ਾਮ ਨੂੰ ਉਹ ਸਿੱਧਾ ਹੋ ਕੇ ਟੱਕਰਿਆ ਹੈ। ਮੌਜੂਦਾ ਨਿਜ਼ਾਮ ਦੇ ਉਸ ਨੇ ਹਰ ਥਾਂ ਪਰਖਚੇ ਉਡਾਏ ਹਨ। ਇਹ ਕਰਦੇ ਸਮੇਂ ਉਸ ਨੇ ਜਿਹੜੇ ਵੀ ਸ਼ਬਦਾਂ ਦੀ ਰਚਨਾ ਕੀਤੀ, ਨਾ ਡਰਦੇ ਹਨ ਨਾਂ ਹੀ ਧਿਲਕਦੇ ਹਨ। ਦਰਅਸਲ ਉਹ ਸ਼ਬਦਾਂ ਨੂੰ ਲਹੂ ਮਿੰਨੀ, ਮੜ੍ਹਕੇ ਭਿੰਨੀ

ਮਿੱਟੀ 'ਚ ਗੁੰਨ ਕੇ ਲਿਆਇਆ ਹੈ। ਇਹੀ ਕਾਰਨ ਕਿ ਉਹਦੇ ਸ਼ਬਦ ਸਿਰਫ ਬਿੰਬ ਨਹੀਂ ਸਗੋਂ ਬੰਬ ਬਣੇ ਹਨ।

ਮੈਥੋਂ ਆਸ ਨਾ ਰੱਖਿਓ ਕਿ,
ਮੈਂ ਖੇਤਾਂ ਦਾ ਪੁੱਤ ਹੋ ਕੇ
ਤੁਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰਾਂਗਾ
ਜਾਂ
ਕ੍ਰਾਂਤੀ ਕੋਈ ਦਾਹਵਤ ਨਹੀਂ, ਨੁਮਾਇਸ਼ ਨਹੀਂ
ਮੈਦਾਨ ਵਿਚ ਵਗਦਾ ਦਰਿਆ ਨਹੀਂ
ਵਟਗਾਂ ਦਾ ਰੁੱਚੀਆਂ ਦਾ ਦਰਿੰਦਰਾਨਾ ਭਿੜਨਾ ਹੈ
ਮਾਰਨਾ ਹੈ ਮਰਨਾ ਹੈ
ਤੇ ਮੌਤ ਨੂੰ ਖਤਮ ਕਰਨਾ ਹੈ।

ਮੌਜੂਦਾ ਨਿਜ਼ਾਮ ਨੂੰ ਉਮਰ ਦੇਣ ਵਾਲੀ ਕਿਤਾਬ ਭਾਰਤੀ ਸੰਵਿਧਾਨ ਨੂੰ ਠੋਹਕਰ ਮਾਰਦਾ ਕਹਿੰਦਾ ਹੈ ਕਿ ਇਹ ਕਿਤਾਬ ਜਦ ਮਨੁੱਖਤਾ ਨੂੰ ਆਵਾਮ ਨੂੰ ਪਸ਼ੂ ਬਣਾਉਣ ਦਾ ਹੀ ਸੰਦ ਹੈ ਤਾਂ ਇਹ ਮਰ ਚੁੱਕੀ ਹੈ :—

ਇਹ ਪੁਸਤਕ ਮਰ ਚੁੱਕੀ ਹੈ
ਇਹਨੂੰ ਨਾ ਪੜ੍ਹੋ
... ... ...
ਹੁਣ ਜੋ ਇਸਨੂੰ ਪੜ੍ਹੋਗੇ
ਤਾਂ ਪਸ਼ੂ ਬਣ ਜਾਉਗੇ
ਸੁੱਤੇ ਹੋਏ ਪਸ਼ੂ

ਜਿਹੜਾ ਦੇਸ਼ ਆਵਾਮ ਨੂੰ ਬਣਾ ਕੇ ਭੱਬ ਰਿਹਾ ਹੈ, ਲੋਕਾਂ ਦੀ ਕਮਾਈ ਨੂੰ ਚੰਦ ਧਨਾਢਾਂ ਦੀਆਂ ਤਜੌਰੀਆਂ 'ਚ ਭਰਨ ਦਾ ਸੰਦ ਬਣ ਰਿਹਾ ਹੈ। ਇਸ ਖਿਲਾਫ ਬਗਾਵਤ ਕਰਨਾ ਹੀ ਹੱਕੀ ਹੈ ਤੇ ਜੋ ਬਾਗੀਆਂ ਨੂੰ ਦੇਸ਼ ਧਰੋਹੀ ਦਾ ਖਿਤਾਬ ਮਿਲਦਾ ਹੈ। ਤਾਂ ਪਾਸ਼ ਕਬੂਲਦਾ ਹੈ :—

ਮੈਨੂੰ ਦੇਸ਼ ਧਰੋਹੀ ਕਿਹਾ ਜਾਂਦਾ ਹੈ
ਪਰ ਮੈਂ ਸੱਚ ਕਹਿੰਦਾ ਹਾਂ ਕਿ ਇਹ ਦੇਸ਼ ਮੇਰਾ ਨਹੀਂ,
ਇਹ ਤਾਂ ਕੁਝ ਕੁ ਆਦਮੀਆਂ ਦਾ ਹੈ
ਤੇ ਅਸੀਂ ਅਜੇ ਆਦਮੀ ਨਹੀਂ ਹਾਂ
ਬੜੇ ਅਸੀਲ ਪਸ਼ੂ ਹਾਂ।

ਉਹਨੂੰ ਉਸ ਭਾਰਤ ਨਾਲ ਸੱਚੀਉਂ ਹੀ ਨੇੜਲਾ ਮੋਹ ਹੈ ਜੋ ਕਿਰਤੀਆਂ ਦਾ ਹੈ ਕਾਮਿਆਂ ਦਾ ਹੈ। ਉਨ੍ਹਾਂ ਦੇ ਭਾਰਤ ਦੀ ਦੁਰਦਸ਼ਾ ਦੇਖ ਕੇ ਉਹ ਚੁੱਪ ਨਹੀਂ ਰਹਿੰਦਾ। ਕੁਅਖੌਤੀ ਆਜ਼ਾਦੀ ਦੇ 26ਵੇਂ ਸਾਲ ਉਤੇ ਦੇਸ਼ ਨੂੰ ਸੰਬੋਧਤ ਹੁੰਦਾ ਹੈ :—

ਹੁਣ ਜਦੋਂ ਤੇਰੇ ਬਾਰੇ ਸੋਚੀਏ ਮੇਰੇ ਦੇਸ਼
ਕਿ ਕੁਝ ਇਸ ਤਰ੍ਹਾਂ ਲਗਦਾ ਹੈ
ਜਿਵੇਂ ਤੂੰ ਸਾਊ ਧੀ ਹੋਵੇਂ
ਕਿਸੇ ਬੇਸ਼ਰਮ ਵੈਲੀ ਦੀ
ਤੇ ਸਾਡੇ ਨਾਲ ਤੇਰਾ ਇਸ ਤਰ੍ਹਾਂ ਜਾਪਦਾ ਹੈ ਰਿਸ਼ਤਾ
ਜਿਵੇਂ ਅੱਖਾਂ ਹੀ ਅੱਖਾਂ 'ਚ ਮੁਹੱਬਤ ਮਰ ਜਾਏ ਕੋਈ
ਐਪਰ ਜਿਸਦੇ ਨਸੀਬ ਵਿਚ ਨਾ ਹੋਵੇ
ਹਰਫ਼ ਮਿਲਣੀ ਦਾ

ਜਿਸ ਦੇਸ਼ ਵਿਚ ਆਵਾਮ ਅੱਤ ਮੰਦਹਾਲੀ 'ਚੋਂ ਗੁਜ਼ਰ ਰਿਹਾ ਹੋਵੇ। ਜਿਸ ਦੇਸ਼ ਦੇ ਮੁੱਖੀ ਭਰ ਲੋਕ ਲੋਕਾਂ ਦੇ ਮਾਸ ਚੂੰਢਣ ਲਈ ਹਰ ਸਮੇਂ ਤਤਪਰ ਹੋਣ ਜਿਥੇ ਹਾਕਮ ਲੋਕਾਂ ਨੂੰ ਕੀੜੇ ਕਾਢੇ ਹੀ ਸਮਝ ਕੇ ਮਸਲ ਦੇਣ। ਅਜੇਹੇ ਦੇਸ਼ ਵਿਚ ਲੋਕਾਂ ਦੀ ਜ਼ਿੰਦਗੀ ਦੀ ਸੁਰਖਿਆ ਦੀ ਗਰੰਟੀ ਮਰੀਆਂ ਹੋਈਆਂ ਕਿਤਾਬਾਂ ਨਹੀਂ ਬਣ ਸਕਦੀਆਂ। ਅਸੁਰਖਿਤ ਲੋਕਾਂ ਦੀ ਅਵਾਜ਼ ਬਣ ਕੇ ਉਹ ਕਹਿੰਦਾ ਹੈ।

ਅਸੀਂ ਤਾਂ ਦੇਸ਼ ਨੂੰ ਸਮਝਦੇ ਸੀ,
ਜੱਫੀ ਵਰਗੇ ਕਿਸੇ ਅਹਿਸਾਸ ਦਾ ਨਾਂ।
ਅਸੀਂ ਤਾਂ ਦੇਸ਼ ਨੂੰ ਸਮਝਦੇ ਸਾਂ
ਕੰਮ ਵਰਗਾ ਨਸ਼ਾ ਕੋਈ
ਅਸੀਂ ਤਾਂ ਦੇਸ਼ ਨੂੰ ਸਮਝਦੇ ਸਾਂ ਕੁਰਬਾਨੀ ਜਿਹੀ ਵਫਾ
ਪਰ ਜੇ ਦੇਸ਼
ਰੂਹ ਦੀ ਵਗਾਰ ਦਾ ਕੋਈ ਕਾਰਖਾਨਾ ਹੈ
ਪਰ ਜੇ ਦੇਸ਼ ਉੱਲੂ ਬਣਨ ਦਾ ਪ੍ਰਯੋਗਘਰ ਹੈ
ਤਾਂ ਉਸ ਤੋਂ ਸਾਨੂੰ ਖ਼ਤਰਾ ਹੈ

ਜਿਸ ਦੇਸ਼ ਵਿਚ ਆਵਾਮ ਦੀ ਜ਼ਿੰਦਗੀ (ਅਸੁਰ-ਖਿਅਤ) ਹੈ ਤਾਂ ਲਾਜ਼ਮੀ ਹੈ ਉਸ ਖਿਲਾਫ ਕਿਸਾਨਾਂ, ਮਜ਼ਦੂਰਾਂ, ਮਿਹਨਤਕਸ਼ ਜਨਤਾ ਦਾ ਰੋਹ ਵੀ ਉਠੇ। ਕਿਰਤੀ ਲੋਕਾਂ ਦੀ ਰੱਤ ਨੋਚ ਰਹੇ ਹਾਕਮ ਅਤੇ ਇਹ ਨਿਜ਼ਾਮ ਇਸ ਰੋਹ ਤੋਂ ਤ੍ਰਿਭੇ ਹੋਏ, ਨਾ ਸਿਰਫ ਹਕੂਮਤੀ ਮਸ਼ੀਨਰੀ ਦੇ ਦੰਦ ਹੀ ਤਿਖੇ ਕਰਦੇ ਰਹਿੰਦੇ ਹਨ ਸਗੋਂ ਗੁਮਰਾਹ ਕਰਨ ਨਾਲ ਪ੍ਰਚਾਰ 'ਦੇਸ਼ ਦੀ ਏਕਤਾ' ਦੇ ਨਾਂ ਹੇਠ ਵੀ ਵਿਢ ਰੱਖਦੇ ਹਨ। ਹਾਕਮਾਂ ਦੇ ਇਸ ਥੋਥੇ ਪ੍ਰਚਾਰ ਉਤੇ ਤਿੱਖੀ ਚੋਟ ਕਰਦਾ ਪਾਸ਼ ਕਹਿੰਦਾ ਹੈ :—

ਜਦ ਕੋਈ ਸਮੁੱਚੇ ਭਾਰਤ ਦੀ
ਕੌਮੀ ਏਕਤਾ ਦੀ ਗੱਲ ਕਰਦਾ ਹੈ
ਤਾਂ ਮੇਰਾ ਚਿੱਤ ਕਰਦਾ ਹੈ
ਉਸ ਦੀ ਟੋਪੀ ਹਵਾ ਵਿਚ ਉਛਾਲ ਦਿਆਂ
ਉਸ ਨੂੰ ਦੱਸਾਂ
ਕਿ ਭਾਰਤ ਦੇ ਅਰਥ
ਕਿਸੇ ਦੁਸ਼ਯੰਤ ਨਾਲ ਸਬੰਧਤ ਨਹੀਂ
ਸਗੋਂ ਖੇਤਾਂ ਵਿਚ ਦਾਇਰ ਹਨ
ਜਿਥੇ ਅੰਨ ਉੱਗਦਾ ਹੈ
ਜਿਥੇ ਸੰਨ੍ਹਾਂ ਲਗਦੀਆਂ ਹਨ।

ਇਹੀ ਹੈ ਪਾਸ਼ ਦੀ ਕਵਿਤਾ ਦਾ ਵਿਸ਼ੇਸ਼ ਗੁਣ ਜਿਸ ਵਿਚ ਉਹ ਦੁਸ਼ਮਣ ਦੀ ਸਾਫ਼ ਪਹਿਚਾਨ ਕਰਦਾ ਹੋਇਆ ਆਪਣੀ ਧਾਰ ਤਿੱਖੀ ਸੇਧਤ ਰੱਖਦਾ ਹੈ। ਸਾਡੇ ਸਮੇਂ ਦਾ ਸੱਚ ਇਹ ਹੈ ਕਿ ਜਿਹੜੀ ਵੀ ਕਲਮ ਸੱਚ ਕਹਿਣਾ ਚਾਹੁੰਦੀ ਹੈ। ਉਸ ਲਈ ਸਭਿਅਕ ਲੋਕਾਂ ਦੀ ਨਫ਼ਰਤ ਹੈ, ਪੁਲੀਸ ਤੇ ਸੰਵਿਧਾਨ ਦੇ ਫੰਦੇ ਹਨ ਤੇ ਜੇਲ੍ਹਾਂ ਹਨ। ਪਰ ਪਾਸ਼ ਇਸ ਬਾਰੇ ਚੰਗੀ ਤਰ੍ਹਾਂ ਜਾਣਦਾ ਹੈ। ਪਾਸ਼ ਦੀ ਕਲਮ ਇਨ੍ਹਾਂ ਸਭ ਪਾਬੰਧੀਆਂ ਨੂੰ ਨਾ ਸਿਰਫ਼ ਵੰਗਾਰਦੀ ਹੈ ਸਗੋਂ ਇਹਨਾਂ ਦਾ ਮੌਜੂ ਵੀ ਉਡਾਉਂਦੀ ਹੈ ਅਤੇ ਸਭ ਤੋਂ ਵੱਧ ਖਿਲਾਫ਼ ਆਪਣੇ ਸੰਦ ਤਿੱਖੇ ਕਰਕੇ ਹੋਰ ਲੜਨ ਦਾ ਹੌਸਲਾ ਰੱਖਦੀ ਹੈ ਤੇ ਪੈਦਾ ਕਰਦੀ ਹੈ।

ਏਸ ਤੋਂ ਪਹਿਲਾਂ ਕਿ
ਪਸਰ ਜਾਏ ਥਾਣੇ ਦੀ ਨਿੱਤ ਫੈਲਦੀ ਇਮਾਰਤ
ਤੁਹਾਡੇ ਪਿੰਡ ਤੁਹਾਡੇ ਟੱਬਰ ਤੀਕ
ਤੇ ਨੱਥੀ ਹੋ ਜਾਏ
ਸਵੈਮਾਨ ਦਾ ਕੰਬਦਾ ਹੋਇਆ ਵਰਕਾ
ਉਸ ਕਿਰਚ ਮੂੰਹੇ ਮੁਨਸ਼ੀ ਦੇ ਰੋਜ਼ਨਾਮਚੇ ਵਿਚ
ਦੋਸਤੋ ਹੁਣ ਜਾਇਆ ਜਾਏ
ਉਡਦਿਆਂ ਬਾਜ਼ਾਂ ਮਗਰ

ਉਹਨੇ ਸ਼ਬਦਾਂ ਵਿਚ ਜੇ ਕਿਸਾਨਾਂ ਦੇ ਦਰਦਾਂ ਨੂੰ ਪਰੁੱਚਿਆ ਹੈ, ਅਧਿਆਪਕਾਂ ਦੇ ਲਹੂ ਨੂੰ ਤਰੰਗਿਆ ਹੈ ਵਿਦਿਆਰਥੀਆਂ ਦੇ ਜ਼ਖਮਾਂ ਨੂੰ ਮਾਪਿਆ ਹੈ ਅਤੇ ਨੌਜਵਾਨਾਂ ਦੀ ਰੁਜ਼ਗਾਰ ਬਾਝੋਂ ਮਾਨਸਿਕ ਹਾਲਤ ਨੂੰ ਛੇੜਿਆ ਹੈ। ਮੌਜੂਦਾ ਵਿਦਿਅਕ ਪ੍ਰਬੰਧ ਜਿਥੇ ਸਿਰਫ਼ ਪੁਰਜ਼ੇ ਹੀ ਬਣਾਏ ਜਾਂਦੇ ਹਨ ਜੋ ਬੌਧਿਕ ਤੇ ਮਾਨਸਿਕ ਪੱਧਰ ਤੇ ਬੌਣੇ ਬਣਾ ਕੇ ਵਿਦਿਆਰਥੀਆਂ ਨੂੰ ਗਿੱਦੜ ਪਰਵਾਨੇ ਦਿੰਦਾ ਹੈ। ਯਥਾਰਥਕ ਜ਼ਿੰਦਗੀ ਨਾਲੋਂ ਟੁੱਟੀ ਹੋਈ ਪੜ੍ਹਾਈ ਉਤੇ ਉਹਦੀ ਤਿੱਖੀ ਚੋਟ ਹੈ :—

ਕੋਰਸ ਵਿਚ ਕੀਟਸ ਦੇ
ਪ੍ਰੇਮ ਪੱਤਰਾਂ ਦੀ ਵਿਆਖਿਆ ਹੈ
ਪਰ ਰੁਜ਼ਗਾਰ ਦਫ਼ਤਰ ਵਿਚ
ਉਹ ਸਿਰਫ਼ ਜ਼ਫ਼ਰਨਾਮੇ ਦੀ ਡਵੀਜ਼ਨ ਪੁੱਛਦੇ ਹਨ।

ਆਪਣੇ ਇਸੇ ਤਿੱਖੀ ਕਲਮ ਦੀ ਨੋਕ ਕਰਕੇ ਉਸ ਨੂੰ ਹਕੂਮਤੀ ਵਾੜਿਆਂ ਵਿਚ ਵੀ ਬੰਦ ਰਹਿਣਾ ਪਿਆ ਪਰ ਉਸ ਦੀ ਕਲਮ ਉਥੇ ਵੀ ਬੁਲੰਦ ਰਹੀ। ਉਸ ਨੇ ਜੇਲ੍ਹਾਂ ਦਾ ਵੀ ਮੌਜੂ ਉਡਾਇਆ। ਪੁਲੀਸ ਅਤਿਆ-ਚਾਰ ਉਹ ਸਰੀਰਕ ਸਨ ਜਾਂ ਮਾਨਸਿਕ ਪਾਸ਼ ਨੇ ਟਿਚ ਕਰਕੇ ਜਾਣੇ 'ਤੇ ਉਹਦੀ ਕਵਿਤਾ ਹੋਰ ਨਿਖਰੀ। ਹਾਕਮਾਂ ਦੇ ਮੂੰਹ ਤੇ ਚਪੇੜ ਸੀ ਉਹਦੀ ਕਵਿਤਾ :—

ਜਦ ਮੈਂ ਇਸ ਕਮਰੇ 'ਚ ਡੱਕਿਆ ਗਿਆ
ਜ਼ਿੰਦਗੀ ਨੂੰ ਨਾਲ ਨਹੀਂ ਸਾਂ ਲਿਆਇਆ
ਬਾਹਰ ਸਫ਼ਰ ਨੂੰ ਫੜਾ ਆਇਆ ਸਾਂ

ਹਕੂਮਤ ਨੂੰ ਟਿੱਚਰਾਂ (ਮਸਖਰੀਆਂ) ਕਰਦੀ ਉਹਦ ਕਲਮ, ਆਪਣੀ ਉਮਰ ਦੇ 21ਵੇਂ ਸਾਲ ਦੀ ਦਹਿਲੀਜ਼ ਤੇ ਜਦ ਕਦਮ ਰੱਖਦੀ ਹੈ :

ਜਿਥੇ ਮੇਰਾ ਵੀਹਵਾਂ ਕਦਮ ਮੁੱਕਦਾ ਸੀ
ਉਥੇ ਜੇਲ੍ਹ ਸੀ
ਤੇ ਇੰਝ ਇੱਕੀਵੇਂ ਵਰ੍ਹੇ ਦੀ ਸਰਦਲ
ਮੈਂ 'ਜ' ਦੇ ਭਾਰ ਟੱਪਿਆ ਹਾਂ
'ਜ' ਤੋਂ ਸ਼ਬਦ 'ਜਨਮ' ਬਣਦਾ ਹੈ
ਤੇ ਇਕ 'ਜੀਵਨ'

ਬੁਲੰਦੀ ਦੀ ਇਕ ਹੋਰ ਮਿਸਾਲ :—

ਐ ਹਕੂਮਤ
ਆਪਣੀ ਪੁਲੀਸ ਨੂੰ ਪੁੱਛਕੇ ਇਹ ਦੱਸ
ਕਿ ਸੀਖਾਂ ਅੰਦਰ ਮੈਂ ਕੈਦ ਹਾਂ
ਜਾਂ ਸੀਖਾਂ ਬਾਹਰ ਇਹ ਸਿਪਾਹੀ

ਪਾਸ਼ ਸਾਰੀ ਦੁਨੀਆਂ ਨੂੰ ਆਪਣਾ ਘਰ ਸਮਝਦਾ ਹੈ ਅਤੇ ਸਮੁੱਚੀ ਮਨੁੱਖ ਜਾਤੀ ਨੂੰ ਆਪਣੀ ਸ਼ਰੀਕਾ ਭਾਈਚਾਰਾ। ਸਭੇ ਕਿਰਤੀਆਂ ਨਾਲ ਸ਼ਖੀਰੀ ਹੋਣ ਕਰਕੇ ਉਹ ਆਪਣੇ ਦਰਦ ਸਭ ਨਾਲ ਸਾਂਝੇ ਕਰ ਲੈਂਦਾ ਹੈ। ਸਰਹੱਦਾਂ ਤੋਂ ਪਾਰ ਵਸਦੇ ਕਿਰਤੀਆਂ ਦੇ ਦਰਦ ਵੀ ਟਟੋਲਦਾ ਹੈ ਤੇ ਵੰਡਾਉਂਦਾ ਰਹਿੰਦਾ ਹੈ। ਆਪਣੀ ਕਲਮ ਨਾਲ ਦਰਦਾਂ ਦੀ ਰਚਨਾ ਕਰਦਾ ਹੈ। ਇਉਂ ਉਹ ਕੌਮਾਂਤਰੀਵਾਦ ਦਾ ਝੰਡਾ ਬੁਲੰਦ ਕਰਦਾ ਹੈ 1971 'ਚ ਜਦ ਭਾਰਤੀ ਹਕੂਮਤ ਨੇ ਸ੍ਰੀ ਲੰਕਾ ਵਿਚ, ਫੌਜ ਭੇਜ ਕੇ ਲੰਕਾ ਦੇ ਲੋਕਾਂ ਦਾ ਰੋਹ ਠੰਡਾ ਕਰਦਿਆਂ ਸ੍ਰੀ ਲੰਕਾ ਦੇ ਹਾਕਮਾਂ ਨਾਲ ਯਾਰੀ ਪੁਗਾਈ ਤਾਂ ਪਾਸ਼ ਆਪਣਾ ਸਨੇਹਾ ਸ੍ਰੀ ਲੰਕਾ ਦੇ ਕਿਰਤੀਆਂ ਤੱਕ ਪਹੁੰ-ਚਾਉਂਦਾ ਹੈ, ਜੇਲ੍ਹ 'ਚੋਂ ਇਕ ਖ਼ਤ ਲਿਖ ਕੇ :

ਤੇਰੇ ਫੀਤੇ ਉਡਾਵਣ ਨੂੰ ਤੇਰੇ ਸੁਪਨੇ ਬਿਖੇਰਨ ਨੂੰ
ਮੇਰੇ ਦੇਸ਼ ਵਿਚੋਂ ਜੋ ਤੇਰੇ ਲਈ ਸੌਗਾਤ ਆਈ ਹੈ
ਇਹ ਗੱਲ ਕੋਈ ਅਜੂਬਾ ਨਹੀਂ ਹੈ
ਤੇਰੇ ਲਈ ਨਾ ਮੇਰੇ ਲਈ
ਪੁਰਾਣੀ ਗੱਲ ਹੈ ਯਾਰਾ ਚੋਰ ਨੇ ਚੋਰੀ ਨਿਭਾਈ ਹੈ।

ਪਾਸ਼ ਜਾਣਦਾ ਹੈ ਕਿ ਹਾਕਮ ਕਿਵੇਂ ਜੰਗਾਂ ਲਾ ਕੇ ਲੋਕਾਂ ਨੂੰ ਨਾ ਸਿਰਫ਼ ਭੱਠੀ 'ਚ ਝੋਕਦੇ ਰਹਿੰਦੇ ਹਨ ਸਗੋਂ ਨਫ਼ਰਤ ਵੀ ਬੀਜਦੇ ਰਹਿੰਦੇ ਹਨ ਇਕ ਦੂਜੇ ਦੇਸ਼ ਦੇ ਲੋਕਾਂ ਵਿਚ 1971 ਦੀ ਪਾਕਿਸਤਾਨ ਨਾਲ ਜੰਗ ਮੌਕੇ ਅਹਿਮਦ ਸਲੀਮ ਨੂੰ ਖ਼ਤ 'ਚ ਸੰਬੋਧਨ ਹੁੰਦਾ ਹੈ :—

ਨਾ ਅਸੀਂ ਜਿੱਤੇ ਜੰਗ ਨਾ ਹਰੇ ਪਾਕੀ ਕਦੇ
ਇਹ ਤਾਂ ਪਾਪੀ ਪੇਟ ਸਨ ਜੋ ਪੁਤਲੀਆਂ ਬਣ ਨੱਚੇ

ਇਕ ਕਵਿਤਾ ਵਿਚ ਪਾਸ਼ ਚੀ—ਗੁਵੇਰਾ ਦਾ ਵੀ ਧੰਨਵਾਦ ਕਰਦਾ ਹੈ ਜੋ ਮਨੁੱਖਤਾ ਦੀ ਖਾਤਰ ਜੂਝਿਆ

ਇਕ ਅਮਰੀਕੀ ਸਿਰ ਚੀ—ਗੁਵੇਰਾ ਨੂੰ
ਨਮਸਕਾਰ ਕਰਦਾ ਹੈ
ਆਰਤੀ ਕਿਤੇ ਵੀ ਉਤਰੀ ਜਾ ਸਕਦੀ ਹੈ।

ਪਾਸ਼ ਨੇ ਕਵਿਤਾ ਵਿਚ ਸਥਾਪਤ ਮਿਥਾਂ ਨੂੰ ਵੀ ਤੋੜਿਆ ਹੈ। ਅਤੇ ਨਵੇਂ ਮਿਥਾਂ ਨੂੰ ਸਿਰਜਿਆ ਹੈ ਲਖਵਿੰਦਰ ਜੌਹਲ ਕਹਿੰਦਾ ਹੈ ਉਹ ਵਸਤੂ ਮਿਥ ਨੂੰ ਤੋੜ ਕੇ ਵਿਸ਼ੇ ਦੇ ਮਿਥ ਸਿਰਜਦਾ ਹੈ ਉਸ ਦੀ ਕਵਿਤਾ

ਅਸੀਂ ਐਵੇਂ ਮੁੱਚੀ ਦਾ ਕੁਝ ਵੀ ਨਹੀਂ ਚਾਹੁੰਦੇ
ਜਿਸ ਤਰ੍ਹਾਂ ਸਾਡੇ ਡੌਲਿਆਂ ਵਿਚ ਖੱਲੀਆਂ ਹਨ
ਜਿਸ ਤਰ੍ਹਾਂ ਬਲਦਾਂ ਦੀ ਪਿੱਠ ਤੇ ਉਭਰੀਆਂ ਲਾਸਾਂ ਹਨ
ਜਿਸ ਤਰ੍ਹਾਂ ਕਰਜ਼ੇ ਦੇ ਕਾਗਜ਼ਾਂ ਵਿਚ
ਸਾਡਾ ਸਹਮਿਆ ਤੇ ਸੁੰਗੜਿਆ ਭਵਿੱਖ ਹੈ
ਅਸੀਂ ਜ਼ਿੰਦਗੀ ਬਰਾਬਰੀ ਜਾਂ ਕੁਝ ਹੋਰ ਵੀ
ਏਸ ਤਰ੍ਹਾਂ ਸੱਚੀ ਮੁੱਚੀ ਦਾ ਚਾਹੁੰਦੇ ਹਾਂ

ਅਸੀਂ ਐਵੇਂ ਮੁੱਚੀ ਦਾ ਕੁਝ ਵੀ ਨਹੀਂ ਚਾਹੁੰਦੇ
ਸਭ ਕੁਝ ਸੱਚੀ ਮੁੱਚੀ ਦਾ ਦੇਖਣਾ ਚਾਹੁੰਦੇ ਹਾਂ
ਜ਼ਿੰਦਗੀ, ਸਮਾਜਵਾਦ, ਜਾਂ ਕੁਝ ਵੀ ਹੋਰ....

ਬਦਲਦੇ ਯਥਾਰਥ ਨਾਲ ਉਸਨੇ ਨਵੇਂ ਮਿਥਾਂ ਨੂੰ ਜਨਮ ਦਿੱਤਾ ਹੈ :—ਸਰਧਾਜਲੀ, ਨਾਂ ਦੀ ਕਵਿਤਾ ਵਿਚੋਂ ਇਕ ਹੋਰ ਮਿਸਾਲ ਅਜੇਹੀ ਹੈ ਜਿਥੇ ਉਸ ਨੇ ਪੁਰਾਣੇ ਮਿੱਥ ਨੂੰ ਬਦਲਦੀਆਂ ਹਾਲਤਾਂ ਮੁਤਾਬਕ ਨਵੇਂ ਅਰਥ ਦਿੱਤੇ ਹਨ।

ਸਿਰਫ ਇਕ ਅਣਹੋਣੀ ਕਰਨ ਲਗੇ ਹਾਂ
ਇਹ ਸੱਜਣਾ ਭੂਮੀਆਂ ਦੀ ਫੌਜ
ਹੱਥਾਂ 'ਚ ਐਤਕੀ ਮਸੀਨਗੰਨਾ ਲੈ ਕੇ ਨਿਕਲ ਆਈ ਹੈ
ਹੁਣ ਲੈਕਚਰ ਦਾ ਅੰਮ੍ਰਿਤ ਕਾਰੇਗਰ ਨਹੀਂ ਹੋਣਾ
ਤੇ ਤੈਥੋਂ ਕਦੇ ਨਾਬਰ ਨਹੀਂ ਤੂੰ ਜਾਣੀ ਜਾਣ ਏਂ
ਅਸੀਂ ਲੋਹੇ ਦੇ ਪਾਣੀ ਦੀ ਬਰਖਾ ਕਰਨ ਲੱਗੇ ਹਾਂ

ਜ਼ਿੰਦਗੀ ਨਾਲ ਉਹਦਾ ਇਸ਼ਕ ਬਹੁਤ ਹੀ ਗੂੜਾ ਹੈ। ਉਹ ਜ਼ਿੰਦਗੀ ਦੇ ਇਸ਼ਕ 'ਚ ਰੱਚ ਜਾਂਦਾ ਹੈ ਤੇ ਜ਼ਿੰਦਗੀ ਦੇ ਹੁਸਨ ਤੇ ਪਿਆਰ ਨੂੰ ਸ਼ਬਦਾਂ ਵਿਚ ਚਿਤਰਦਾ ਹੈ।

ਸਥਾਪਤ ਮਿਥਾਂ ਨੂੰ ਤੋੜਨਾ ਉਹਦੀ ਕਵਿਤਾ ਦਾ ਵਸਤੂ ਹੈ।

ਏਥੇ ਤਾਂ ਪੂਰਬ ਹੈ ਜਾਂ ਪੱਛਮ
ਕਿਤੇ ਨਾ ਕੁਝ ਚੜ੍ਹਦਾ ਹੈ ਨਾ ਲਹਿੰਦਾ—

ਕੱਲ ਵੀ ਸਾਡੇ ਮੂੰਹ ਸਨ ਚੇਹਰੇ ਨਹੀਂ ਸਨ
ਕੱਲ ਵੀ ਅਸੀਂ ਸਮਝਦੇ ਰਹੇ ਕਿ ਦਿਲ ਹੀ ਸੋਚਦਾ ਹੈ
ਰੁੱਖ ਕੱਲ ਵੀ ਅੰਬਰ ਦੀਆਂ
ਨੀਲਤਣਾਂ 'ਚ ਕੈਦ ਹੀ ਰਿਹਾ
ਨਿਰਾਸ ਆਜੜੀ ਦੇ ਵਾਹੋ ਵਿਚ
ਉਹਦੀ ਕੱਲ ਵੀ ਗ਼ੈਰ ਹਾਜ਼ਰੀ ਲੱਗੀ—

ਵਿਦਿਆ ਮਨੁੱਖ ਦੀ ਤੀਜੀ ਅੱਖ ਨਹੀਂ
ਦੋ ਹੀ ਅੱਖਾਂ ਦਾ ਟੀਰ ਹੈ

ਉਹ ਅਨੁਭਵੀ ਅਤੇ ਅਨੁਭਵ ਸ਼ੀਲ ਕਵੀ ਹੈ ਉਸ ਦੀ ਕਵਿਤਾ ਦਾ ਸੁਹਪਣ ਏਸ ਕਰਕੇ ਨਹੀਂ ਕਿ ਸੋਹਣੀ ਬਿੰਬਾਵਲੀ ਵਰਤੀ ਹੈ ਸਗੋਂ ਏਸ ਕਰਕੇ ਹੈ ਕਿ ਉਹ ਜ਼ਿੰਦਗੀ ਦੇ ਸੁਆਦਾਂ ਨੂੰ ਹਕੀਕਤ ਦੇ ਨੇੜਿਉਂ ਹੋ ਕੇ ਤਕਦਾ ਹੈ। ਅਨੁਭਵ ਹੋਣਾ ਤੇ ਉਹ ਵੀ ਹਕੀਕੀ ਕਿਸੇ ਵੀ ਕਲਮ ਲੋਈ ਮਾਣ ਵਾਲੀ ਗੱਲ ਹੋ ਸਕਦੀ ਹੈ।

ਮੇਰੇ ਲਈ ਹੁਸਨ,
ਕੋਈ ਲੂਣ ਭੁੱਕੀ ਰੋਟੀ ਹੈ—

ਆਖਰ ਕਿਉਂ ਬਲਦਾਂ ਦੀਆਂ ਟੱਲੀਆਂ
ਤੇ ਪਾਣੀ ਕੱਢਦੇ ਇੰਜਣਾਂ ਦੇ ਸ਼ੋਰ ਅੰਦਰ
ਘਿਰੇ ਹੋਏ ਚਿਹਰਿਆਂ ਤੇ ਜੰਮ ਗਈ ਹੈ
ਇਕ ਚੀਕਦੀ ਖਮੋਸ਼ੀ।

ਜੇ ਉਹ ਜ਼ਿੰਦਗੀ ਨਾਲ ਮੁਹੱਬਤ ਕਰਦਾ ਹੈ ਤਾਂ ਜਮਾਤੀ ਚੇਤਨਾ ਨੂੰ ਇਕ ਪਲ ਵੀ ਨਹੀਂ ਵਿਸਾਰਦਾ, ਹਕੂਮਤ ਦੀ ਕੁਰਸੀ ਤੇ ਬਿਰਾਜਮਾਨ ਹਕੂਮਤ ਜੋ ਲੋਕਾਂ ਨੂੰ ਗੁਮਰਾਹ ਕਰਨ ਲਈ 'ਸਮਾਜਵਾਦੀ' ਰੱਟ ਲਾਉਂਦੀ ਹੈ ਜਾਂ ਅਜੇਹੇ ਪਵਿੱਤਰ ਲਫਜ਼ ਹਕੂਮਤੀ ਭੌਂਕਣੀ ਦਾ ਸ਼ਿਕਾਰ ਹੋ ਜਾਂਦੇ ਹਨ। ਉਧਰ ਕੁੱਝ ਲੋਕ ਕਿਰਤੀਆਂ ਦਾ ਲੜ ਛੱਡ ਕੇ ਹਕੂਮਤ ਤੇ ਕਾਬਜ਼ ਧਿਰ ਵਿਚੋਂ ਅਗਾਂਹ ਵਧੂ ਅੰਸ਼ ਭਾਲਦੇ ਹਨ ਤਾਂ

ਇਹ ਹਾਦਸਾ ਸਾਡੇ ਹੀ ਸਮਿਆਂ ਵਿਚ ਹੋਣਾ ਸੀ
ਕਿ ਦੁਨੀਆਂ ਦੇ ਪਵਿਤਰ ਹਰਫਾਂ ਨੇ
ਬਣ ਜਾਣਾ ਸੀ ਸਿੰਘਾਸਣ ਦੇ ਪੌਡੇ
ਮਾਰਕਸ ਦਾ ਸ਼ੇਰ ਵਰਗਾ ਸਿਰ
ਦਿੱਲੀ ਦੀਆਂ ਭੁਲ ਭੁਲਾਈਆਂ ਵਿਚ ਮਿਆਂਕਦਾ ਫਿਰਦਾ
ਅਸੀਂ ਹੀ ਤੱਕਣਾ ਸੀ
ਮੇਰੇ ਯਾਰੋ ਇਹ ਕੁਫਰ ਸਾਡੇ ਹੀ ਸਮਿਆਂ ਵਿਚ ਹੋਣਾ ਸੀ

ਉਹਦੇ ਤਿੰਨ ਕਾਵਿ ਸੰਗ੍ਰਿਹ ਵੱਖ ਵੱਖ ਸਮੇਂ ਦੀ ਪੈਦਾਵਾਰ ਹਨ। ਪਹਿਲੇ ਦੋਵੇਂ ਕਾਵਿ ਸੰਗ੍ਰਿਹ 'ਲੋਹ ਕਥਾ' ਅਤੇ 'ਉਡਦੇ ਬਾਜ਼ਾਂ ਮਗਰ' ਉਸ ਸਮੇਂ ਦੇ

ਪੈਦਾਵਾਰ ਹਨ ਜਦ ਕਮਿਊਨਿਸਟ ਇਨਕਲਾਬੀ ਲਹਿਰ ਦੀ ਚੜ੍ਹਤ ਦਾ ਦੌਰ ਸੀ ਜਾਂ ਹਕੂਮਤ ਸੰਗ ਭਿੜ ਰਹੀ ਸੀ। ਗੋਲੀਆਂ ਦਾ ਸ਼ਿਕਾਰ ਹੋ ਰਹੀ ਸੀ। ਉਸ ਸਮੇਂ ਰਚੀ ਗਈ ਕਵਿਤਾ ਵਿਚ ਹਕੂਮਤ ਤੇ ਪ੍ਰਬੰਧ ਖਿਲਾਫ ਤਿੱਖੀ ਸੁਰ ਦੇ ਨਾਲ ਨਾਹਰੇਬਾਜ਼ੀ ਵੀ ਹੈ। ਪਰ ਪਹਿਲੇ ਦੋਹਾਂ ਵਿਚੋਂ ਵੀ ਉੜਦੇ ਬਾਜਾਂ ਮਗਰ ਕਾਵਿ ਸੰਗ੍ਰਿਹ ਵਿਚ ਵਿਚਾਰਧਾਰਕ ਪਰਪੱਕਤਾ ਅਤੇ ਕਾਵਿਕ ਪੱਧਰ ਪ੍ਰੌੜ ਮਿਲਦਾ ਹੈ।

ਤੀਜਾ ਕਾਵਿ ਸੰਗ੍ਰਿਹ, ਜੋ 1978 'ਚ ਛਪਿਆ 'ਸਾਡੇ ਸਮਿਆਂ ਵਿਚ', ਉਸ ਸਮੇਂ ਤੱਕ ਉਹ ਸ਼ਰਾਰਤਾਂ ਕਰਦਾ ਹੋਇਆ ਪਾਰਟੀ ਲੇਬਲ ਤੋਂ ਖਹਿੜਾ ਤਾਂ ਛੁਡਾ ਚੁੱਕਾ ਸੀ ਪਰ ਵਿਚਾਰਧਾਰਾ ਤੋਂ ਨਹੀਂ। ਇਸ ਵਿਚ-ਲੀਆਂ ਕਵਿਤਾਵਾਂ ਵਿਚਾਰਧਾਰਕ ਤੌਰ ਤੇ ਪਰਪੱਕ ਵੀ ਹਨ ਅਤੇ ਇਨ੍ਹਾਂ 'ਚ ਪ੍ਰਤੀਬੱਧਤਾ ਵੀ ਉਵੇਂ ਕਾਇਮ ਹੈ। ਜਿਥੇ ਇਨ੍ਹਾਂ ਕਵਿਤਾਵਾਂ ਵਿਚ ਹਕੂਮਤ ਤੇ ਪ੍ਰਬੰਧ ਖਿਲਾਫ ਲੜਾਈ ਦੀ ਸਪੱਸ਼ਟ ਰੇਖਾ ਹੈ ਉਥੇ ਉਸ ਨੇ 'ਕਾਮਰੇਡ' ਨਾਲ ਸੰਵਾਦ ਵਿਚ ਕੁੱਝ ਸੁਆਲ ਵੀ ਰੱਖੇ ਹਨ। ਇਹ ਯਥਾਰਥ ਦੇ ਹੀ ਸਿੱਟੇ ਵਜੋਂ ਨਿਕਲੀ ਉਸ ਅੰਦਰੋਂ ਹੂਕ ਹੈ। ਲਹਿਰ ਵਿਚ ਉਤਰਾਅ ਚੜ੍ਹਾਅ ਦਾ ਆਉਣਾ ਇਕ ਵਿਗਿਆਨਕ ਵਰਤਾਰਾ ਹੀ ਹੈ। ਅਤੇ ਉਤਰਾਵਾਂ, ਚੜ੍ਹਾਵਾਂ ਦੇ ਕਾਰਨਾਂ ਨੂੰ ਮੁਖਾਤਬ ਹੋਣਾ ਵੀ ਕੋਈ ਮੇਹਣਾ ਨਹੀਂ। ਪਾਸ਼ ਦੀ ਵਿਚਾਰਧਾਰਕ ਪੱਧਰ (ਜੋ ਸਿਧਾਂਤਕ ਪੱਧਰ ਦੀ ਹੈ) ਦੀ ਸੀਮਤਾਈ ਤਾਂ ਇਸ ਵਿਚੋਂ ਝਲਕਦੀ ਹੈ ਕਿਉਂਕਿ ਜਿੰਨ੍ਹਾਂ ਸੁਆਲਾਂ ਨੂੰ ਮੁਖਾਤਬ ਹੁੰਦਾ ਹੈ ਉਹਨਾਂ ਦਾ ਜੁਆਬ ਉਹ ਆਪ ਵੀ ਨਹੀਂ ਦੇ ਸਕਿਆ ਪਰ ਇਸ ਸੀਮਤਾਵਦੀ ਕਾਰਨ ਉਹ ਕਦੇ ਵੀ ਲਹਿਰ ਤਿਲਾਂਜਲੀ ਨਹੀਂ ਦੇ ਕੇ ਗਿਆ ਨਾ ਓਹਨੇ ਅਫਸੋਸ ਜ਼ਾਹਰ ਕੀਤਾ ਸਗੋਂ ਉਹ ਹੋਰ ਸਪੱਸ਼ਟ ਤੌਰ ਤੇ ਆਪਣੀ ਜੁੰਮੇਂਵਾਰੀ ਕਬੂਲਦਾ ਹੈ।

ਇਸੇ ਕਿਤਾਬ ਵਿਚ ਉਸ ਦੀਆਂ ਕੁਝ ਕਵਿਤਾਵਾਂ ਜ਼ਿੰਦਗੀ ਨੂੰ ਦਰਪੇਸ਼ ਮਸਲਿਆਂ ਸਮੱਸਿਆਵਾਂ ਨੂੰ ਸਿੱਧੇ ਤੌਰ ਤੇ ਵੀ ਸੰਬੋਧਤ ਹੋਈਆਂ। ਜਿਵੇਂ ਫਿਊਚਕ ਵਾਂਗ "ਵਾਸਤਵਿਕ ਜੀਵਨ ਵਿਚ ਕੋਈ ਵੀ ਦਰਸ਼ਕ ਨਹੀਂ ਸਾਰਿਆਂ ਨੂੰ ਜ਼ਿੰਦਗੀ 'ਚ ਹਿੱਸਾ ਲੈਣਾ ਪੈਂਦਾ ਹੈ।" ਪਾਸ਼ ਵੀ ਜ਼ਿੰਦਗੀ ਦੇ ਹੋਰ ਨੇੜੇ ਹੋਇਆ। ਉਹ ਦਰਸ਼ਕ ਵੀ ਬਣਿਆ, ਤੇ ਨਰੀਖਕ ਵੀ, ਸਾਥੀ ਵੀ ਤੇ ਰਾਹ ਦਰਸਾਊ ਵੀ। ਭਾਵੁਕ ਵੀ ਹੋਇਆ, ਤਾਰਕਿਕ ਵੀ, ਅਚੇਤ ਤੌਰ ਤੇ ਵੀ, ਪ੍ਰੇਰਿਤ ਵੀ, ਸੁਚੇਤ ਵੀ ਤੇ ਕਲਾਕਾਰ ਵੀ। ਇਹੀ ਕਾਰਨ ਕਿ ਉਹਦੀ ਰਚਨਾ 'ਚ ਹੋਰ ਨਿਖਾਰ ਆਇਆ ਕਵਿਤਾ ਦਾ ਸੱਚ ਸਿਰਫ ਜਜ਼ਬਿਆਂ ਦੀ ਬੋਲੀ ਹੁੰਦੀ ਹੈ। ਹੈ ਤਾਂ ਬੜਾ ਅਜੀਬ, "ਕਲਾਮ ਮਿਰਜ਼ਾ", "ਛੰਨੀ", "ਆਸ਼ਕ ਦੀ ਅਹਿੰਸਾ", "ਚਿੜੀਆਂ ਦਾ ਚੰਬਾ" ਆਦਿ ਕਵਿਤਾਵਾਂ ਹਨ ਜੋ ਯਥਾਰਥਕ ਜ਼ਿੰਦਗੀ ਦੇ ਹੋਰ ਨੇੜੇ ਗਈਆਂ :—

ਕਲਾਮ ਮਿਰਜ਼ਾ

ਸੁਣਿਆ ਏ ਤੇਰੀ ਵੀ ਅੱਖ ਸੁਰਮਾਂ ਨਹੀਂ ਝੱਲਦੀ
ਸੁਣਿਆ ਏ ਤੇਰੀ ਵੀ ਵਾਲਾਂ ਤੋਂ ਕੰਘੀ ਤ੍ਰਿਭਕਦੀ ਹੈ
ਤੇ ਸੁਣਿਆ ਹੈ ਮੇਰਾ ਵੀ ਕਤਲ
ਇਤਿਹਾਸ ਦੇ ਔਂਦੇ ਸਫ਼ੇ ਤੇ ਲਿਖਿਆ ਹੈ
ਪਰ ਸ਼ਾਇਦ ਸਾਰਾ ਕੁਝ ਪਹਿਲਾਂ ਜਿਹਾ ਨਾ ਹੋਵੇ
ਹੋ ਸਕਦਾ ਹੈ ਤੈਨੂੰ ਕੱਢਣ ਤੋਂ ਪਹਿਲਾ
ਮੈਨੂੰ ਰੋਗੀ ਉਧਾਲ ਲਵੇ
ਜਾਂ ਮੈਂ ਜੰਡ ਦੀ ਬਜਾਏ ਕੁਰਸੀ ਦੇ ਹੇਠਾਂ
ਜਾਗਦਾ ਹੀ ਵੱਢ ਦਿਤਾ ਜਾਂਵਾਂ
ਮੈਂ ਸੁਣਿਆ ਹੈ
ਮੇਰੇ ਕਤਲ ਦਾ ਮਨਸੂਬਾ
ਰਾਜਧਾਨੀ ਵਿਚ ਮੇਰੇ ਜੰਮਣ ਤੋਂ ਬਹੁਤ ਪਹਿਲਾਂ ਹੀ
ਬਣ ਚੁੱਕਾ ਸੀ———

ਤੇ ਤੂੰ ਨਾਂ ਮੁਕਲਾਵੇ ਜਾਂਦੀ 'ਚੋਂ
ਤੂੰ ਕਦੇ ਸੋਚਿਆ ਵੀ ਨਹੀਂ ਹੋਣਾ ਕਿ ਮੁਕਲਾਵਾ
ਦਾਜ ਦੇ ਭਾਂਡਿਆਂ ਦੀ ਕਣਕ 'ਚ
ਝਾਂਜਰ ਦੀ ਚੁੱਪ ਦਾ ਬੇਕਫਨ ਸੜਨਾ ਹੈ
ਜਾਂ ਰਿਸ਼ਤਿਆਂ ਦੇ ਸੇਕ ਵਿਚ ਰੰਗ ਦਾ ਤਿੜਕ ਜਾਣਾ
ਸੁਰਿੰਦਰ ਕੌਰ ਮੁੜ ਕਦੇ ਨਹੀਂ ਦਿਸਦੀ
ਹੰਸਿਆਂ ਦੀ ਉਡੀਕ 'ਚ ਬੈਠੀ ਛਿੰਦੋ———

ਛੰਨੀ

ਛੰਨੀ ਤਾਂ ਛੰਨੀ ਹੋਈ
ਪਰ ਗੁੱਡੀਏ ਤੇਰੇ ਗੀਤਾਂ ਨਾਲ
ਤੇਰੇ ਵੀਰੇ ਨੂੰ ਬੰਨੀ ਨਹੀਂ ਮਿਲਣੀ
ਉਸ ਨੂੰ ਮਾਰ ਜਾਵੇਗਾ
ਬਾਬਲ ਦੀ ਘੱਟ ਜ਼ਮੀਨ ਦਾ ਪਛਤਾਵਾ
ਉਸ ਦੀਆਂ ਪਾਸ ਕੀਤੀਆਂ ਦਸਾਂ ਨੂੰ
ਚਾਰ ਜਾਣਗੇ ਮਰੀਅਲ ਜਹੇ ਝੋਟੇ।

ਚਿੜੀਆਂ ਦਾ ਚੰਬਾ

ਚਿੜੀਆਂ ਦਾ ਚੰਬਾ ਉੱਡ ਕੇ ਕਿਤੇ ਨਹੀਂ ਜਾਵੇਗਾ
ਐਥੇ ਹੀ ਕਿਤੇ ਉਰੇ ਪਰੇ ਬੰਨਿਆਂ ਤੋਂ ਘਾਹ ਖੋਤੇਗਾ
ਰੁੱਖੀਆਂ, ਮਿਸੀਆਂ ਰੋਟੀਆਂ ਢੋਹਿਆ ਕਰੇਗਾ
ਤੇ ਮੈਲੀਆਂ ਚੁੰਨੀਆਂ ਭਿਉਂ ਕੇ
ਲੋਆਂ ਨਾਲ ਲੂਸੇ ਚੇਹਰਿਆਂ ਤੇ ਫੇਰੇਗੀ

ਐਥੇ ਹੀ ਕਿਤੇ ਉਰੇ ਪਰੇ ਲੁਕ ਕੇ
ਕਲਮ ਕੱਲਿਆਂ ਰੋਇਆ ਕਰੇਗਾ
ਸਰਾਪੇ ਜੋਬਨ ਦੇ ਮਰਸੀਏ ਗਾਇਆ ਕਰੇਗਾ।

1976 ਤੋਂ 1984 ਦੇ ਲੰਮੇ ਅਰਸੇ ਵਿਚ ਉਹਦੀ ਕਲਮ ਚੁਪ ਰਹੀ। ਪਰ ਉਹ ਲਿਖਣ ਦਾ ਅਹਿਸਾਸ ਨਹੀਂ ਭੁਲਿਆ। 'ਸੰਦਰਭ' ਪਰਚੇ ਦੇ ਸੰਪਾਦਕ ਦੇਵਿੰਦਰ ਜੌਹਲ ਨਾਲ ਇਕ ਮੁਲਾਕਾਤ ਵਿਚ ਉਸ ਨੇ ਹੋਰ ਲਿਖਣ ਦੇ ਅਹਿਸਾਸ ਨੂੰ ਜਤਲਾਇਆ ਵੀ। ਇਸ ਸਮੇਂ ਵਿਚ ਉਹਨੇ ਕੀ ਕੀਤਾ ਸਾਡੇ ਲਈ ਸੁਆਲ ਹੀ ਬਣਿਆ ਰਹੇਗਾ? ਹਾਂ 'ਰੋਟੀ ਦੇ ਉਪਰਾਲੇ' 'ਚੋਂ ਉਸ ਇਕ ਸਕੂਲ ਦੀ ਸੰਸਥਾ ਜ਼ਰੂਰ ਸਥਾਪਤ ਕੀਤੀ। ਪੰਜਾਬ ਦੇ ਮਹੌਲ ਵਿਚ ਤਾਂ ਉਹ ਮਾਣ ਭਿੱਜ ਨਹੀਂ ਰਿਹਾ। ਪੰਜਾਬ ਵਿਚ ਪਸਰੇ ਫਿਰਕੂ ਮਹੌਲ ਤੇ ਉਸ ਨੇ ਕੱਟੜ ਧਾਰਮਕ ਜਨੂੰਨੀਆਂ ਉਤੇ ਇਕ ਤਿੱਖਾ ਵਿਅੰਗ ਕਰਦੀ "ਧਰਮ ਦੀਕਸ਼ਾ ਲਈ ਬਿਨੈ ਪੱਤਰ" ਨਾਂ ਦੀ ਕਵਿਤਾ ਰਚੀ, ਅਤੇ ਫਿਰ 1984 ਦੇ ਕਾਲੇ ਦਿਨਾਂ ਦੀ ਦਾਸਤਾਂ ਨੂੰ ਉਹ ਮੁਖਾਤਬ ਹੋਇਆ, "ਬੇਦਖਲੀ ਲਈ ਬਿਨੈ ਪੱਤਰ" ਨਾਂ ਉਸਦੀ ਉਹ ਇਤਿਹਾਸ ਕਵਿਤਾ ਹੈ ਜੋ ਜ਼ਰਜ਼ਰੇ ਹੋ ਰਹੇ ਭਾਰਤੀ ਪ੍ਰਬੰਧ ਤੇ ਤਿੱਖੀ ਚੋਟ ਕਰਦੀ ਹੈ। ਹਕੂਮਤ ਦੇ ਅ-ਮਾਨਵੀ ਕਰਨ ਉਤੇ ਥੁੱਕਦੀ ਹੈ। ਜਿਥੇ ਅਨੈਤਿਕਤਾ ਦਾ ਚੁਫੇਰੇ ਬੋਲ ਬਾਲਾ ਹੈ :—ਦੇਸ਼ ਦੀ ਰਾਜਧਾਨੀ ਵਿਚ ਇਕ ਫਿਰਕੇ ਦੇ ਲੋਕ ਜਿਉਂਦੇ ਸਾੜੇ ਜਾ ਰਹੇ ਹੋਣ ਤਾਂ ਪਾਸ਼ ਵਰਗਾ ਚੇਤੰਨ ਮਨੁੱਖ ਚੁੱਪ ਕਰਕੇ ਕਿਵੇਂ ਬੈਠ ਸਕਦਾ ਸੀ :—

ਮੈਂ ਸਦਾ ਹੀ ਉਸ ਨੂੰ ਕਤਲ ਕੀਤਾ ਹੈ
ਹਰ ਵਾਕਿਫ ਜਣੇ ਦੀ ਹਿੱਕ 'ਚੋਂ ਲੱਭ ਕੇ
ਜੇ ਉਸ ਦੇ ਕਾਤਿਲਾਂ ਨੂੰ ਇੰਝ ਹੀ ਸੜਕਾਂ ਤੇ ਸਿਝਣਾ ਹੈ
ਤਾਂ ਬਣਦੀ ਸਜ਼ਾ ਮੈਨੂੰ ਵੀ ਮਿਲੇ
ਮੈਂ ਨਹੀਂ ਚਾਹੁੰਦਾ ਕਿ ਮੈਂ ਇਸ ਇਨਾਮ ਤੋਂ ਬਚਦਾ ਰਹਾਂ
ਕਿ ਮੇਰਾ ਪਤਾ ਨਹੀਂ ਹੈ ਭਜਨ ਲਾਲ ਬਿਸ਼ਨੋਈ ਨੂੰ
ਇਸ ਦਾ ਜੋ ਵੀ ਨਾਂ ਹੈ ਗੁੰਡਿਆਂ ਦੀ ਸਲਤਨਤ ਦਾ
ਮੈਂ ਇਸ ਦਾ ਨਾਗਰਿਕ ਹੋਣ ਤੇ ਥੁੱਕਦਾ ਹਾਂ
ਮੈਂ ਪਾਈਲਟ ਦੀਆਂ
ਮੀਸਣੀਆਂ ਅੱਖਾਂ 'ਚ ਰੜਕਦਾ ਭਾਰਤ ਹਾਂ
ਹਾਂ ਮੈਂ ਭਾਰਤ ਹਾਂ ਰੜਕਦਾ ਹੋਇਆ
ਉਸਦੀਆਂ ਅੱਖਾਂ ਵਿਚ
ਤੇ ਜੇ ਉਸ ਦਾ ਆਪਣਾ ਕੋਈ ਭਾਰਤ ਹੈ
ਤਾਂ ਮੇਰਾ ਨਾਂ ਉਸ ਵਿਚੋਂ ਕੱਟ ਦੇਵੋ।

ਉਹਨੇ ਸ਼ਬਦ ਜਿਸ ਕਲਮ ਨਾਲ ਪਰੁੱਚੇ ਹਨ ਉਹ ਨਫਰਤ ਜਗਾਉਂਦੀ ਹੈ। ਹਲੂਣਾ ਦਿੰਦੀ ਹੈ। ਉਹਦੀ ਕਲਮ ਚੀਥੜੇ ਫਰੋਲਦੀ ਹੈ, ਹਕੂਮਤ ਦੇ ਹਾਕਮਾਂ ਮੂੰਹ ਤੋਂ ਗਿਲਾਫ ਲਾਹੁੰਦੀ ਹੈ। ਪਾਠਕ ਦੇ ਮਨ ਅੰਦਰ ਲਾਂਬੂ ਲਾਉਂਦੀ ਹੈ। ਦੋ ਸਾਲ ਪਹਿਲਾਂ ਜਿਵੇਂ ਪਾਸ਼ **ਇਲਸਟ੍ਰੇਟਿਡ ਵੀਕਲੀ** 'ਚ ਇਕ ਮੁਲਾਕਾਤ ਸਮੇਂ ਕਿਹਾ ਸੀ, "ਮੈਂ ਉਸ ਕੁਤੇ ਵਾਂਗ ਲੜਾਂਗਾ, ਜੋ ਡੂੰਘੇ ਤੇ ਤੇਜ਼ ਪਾਣੀ 'ਚੋਂ ਨਿਕਲਣ ਲਈ ਪਾਣੀ ਨਾਲ ਲੜਦਾ ਹੈ।" ਉਹ ਸੱਚੀਓ ਹੀ ਇਵੇਂ ਲੜਿਆ। ਇਸ ਧਰਤੀ ਤੋਂ ਦੂਰ ਉਹ ਕੈਲਫੋਰਨੀਆਂ ਤਾਂ ਚਲਾ ਗਿਆ ਪਰ ਆਪਣੀ ਮਿੱਟੀ ਨਾਲੋਂ ਇਸ਼ਕ ਨਹੀਂ ਟੁੱਟਾ। ਬੇਵਫਾਈ ਨਹੀਂ ਸੂ ਕੀਤੀ, ਆਪਣੇ ਆਵਾਮ ਨਾਲ। ਉਥੇ ਜਾ ਕੇ ਵੀ Anti 47 ਦੀ ਫਰੰਟ 'ਚ ਸਰਗਰਮ ਹੋ ਕੇ ਅਤੇ ਇਸੇ ਨਾਂ ਦੇ ਇਕ ਪਰਚੇ ਦੀ ਸੰਪਾਦਨਾ ਕਰਦਿਆਂ ਹੋਇਆਂ, ਉਹ ਪੰਜਾਬ ਵਿਚਲੇ ਫਿਰਕੂ ਜਨੂੰਨੀ ਮਹੌਲ ਖਿਲਾਫ ਆਪਣੀ ਕਲਮ ਨਾਲ ਲੜਦਾ ਰਿਹਾ। ਉਸ ਪਰਚੇ ਵਿਚਲੀਆਂ ਲਿਖਤਾਂ ਜੋ ਵੀ ਸਾਡੇ ਪਾਸ ਹਨ, ਉਹ ਦੁਸ਼ਮਣ ਤੇ ਤਿੱਖੀ ਚੋਟ ਹਨ। ਇਸੇ ਦੌਰਾਨ ਉਸ ਨੇ ਇਕ ਲੰਮੀ ਕਵਿਤਾ 'ਸਭ ਤੋਂ ਖਤਰਨਾਕ' ਵੀ ਲਿਖੀ। ਸਾਡੇ ਪਾਸ ਉਸ ਦਾ ਇਕ ਹਿੱਸਾ ਵੀ ਪਹੁੰਚਿਆ ਹੈ। ਇਹ ਕਵਿਤਾ ਵਿਰਲਾਪ ਨਹੀਂ ਇਕ ਹਲੂਣਾ ਹੈ। ਦਰਦਾਂ ਨੂੰ ਪੀਣ ਲਈ ਜੇਰਾ ਕਰਨ ਦਾ ਸੱਦਾ ਹੈ ਇਸ ਕਵਿਤਾ ਵਿਚ। ਧੁਰ ਹੇਠੋਂ ਦਰਦ ਵਿਚੋਂ ਬੋਲਦੀ ਕਵਿਤਾ ਦੇ ਹਰਫ ਅਵੇਸਲੇ ਨਾ ਹੋਣ ਲਈ ਆਰਾਂ ਲਾਉਂਦੇ ਹਨ। ਪਾਸ਼ ਨੂੰ ਅਵੇਸਲੇ ਹੋਣਾ ਸੁਖਾਂਦਾ ਨਹੀਂ ਜਿਵੇਂ ਕੋਈ ਵੀ ਚੇਤੰਨਸ਼ੀਲ ਮਨੁੱਖਾਂ ਨੂੰ ਨਹੀਂ ਸੁਖਾਂਦਾ :—

ਸਭ ਤੋਂ ਖਤਰਨਾਕ ਹੁੰਦਾ ਹੈ
ਮੁਰਦਾ ਸ਼ਾਂਤੀ ਨਾਲ ਭਰ ਜਾਣਾ
ਨਾ ਹੋਣਾ ਤੜਪ ਦਾ
ਸਭ ਸਹਿਣ ਕਰ ਜਾਣਾ...
ਸਭ ਤੋਂ ਖਤਰਨਾਕ ਹੁੰਦਾ ਹੈ
ਸਾਡੇ ਸੁਪਨਿਆਂ ਦਾ ਮਰ ਜਾਣਾ
ਸਭ ਤੋਂ ਖਤਰਨਾਕ ਉਹ ਚੰਨ ਹੁੰਦਾ ਹੈ
ਜੋ ਹਰ ਕਤਲ ਕਾਂਡ ਦੇ ਬਾਅਦ
ਸੁੰਨ ਹੋਏ ਵਿਹੜਿਆਂ ਵਿਚ ਚੜ੍ਹਦਾ ਹੈ
ਪਰ ਤੁਹਾਡੀਆਂ ਅੱਖਾਂ ਨੂੰ ਮਿਰਚਾਂ ਵਾਂਗ
ਨਹੀਂ ਲੜਦਾ ਹੈ।

'ਪਾਸ਼' ਬਹੁਤ ਹੀ ਕਮਾਲ ਦੀ ਕਾਵਿ ਸੂਝ ਛੁਪੋਈ ਬੈਠਾ ਸੀ। ਉਹ ਸ਼ਬਦਾਂ ਘੜ ਕੇ, ਰਿੰਦ ਕੇ, ਤਰਾਸ਼ ਕੇ, ਨਿਖਾਰ ਕੇ ਰੱਖਦਾ ਹੈ, ਜੋੜ ਤੇ ਟੁਕੜੇ ਸ਼ਾਂ ਫਿਟ ਕਰਕੇ ਨਵੀਂ ਨੁਹਾਰ ਦਿੰਦਾ ਹੈ। ਸਾਰੀ ਉਮਰ ਜੋਗੀ ਰਿਹਾ,

ਹੈ, ਮਤਵਾਲਾ, ਜੋਗੀ, ਛਿਪੀਆਂ ਅੱਖਾਂ ਵਾਲਾ, ਜ਼ਿੰਦਾ ਦਿਲ ਇਨਸਾਨ। ਜਿਹਨੇ ਜ਼ਿੰਦਗੀ ਨਾਲ ਇਸ਼ਕ ਕੀਤਾ ਏ ਤੇ ਨਿਭਾਇਆ ਹੈ। ਜ਼ਿੰਦਗੀ ਨਾਲ ਯਾਰੀ ਲਾਈ ਤੇ ਵਫ਼ਾ ਪਾਲੀ। ਜ਼ਿੰਦਗੀ ਜਿਉਣ ਦੀ ਮੜਕ ਉਹਨੇ ਗੁਆਈ ਨਹੀਂ। ਹਰ ਸਮੇਂ ਜ਼ਿੰਦਗੀ ਦੇ ਇਸ਼ਕ 'ਚ ਪਹੁੰਚਿਆ—ਪਾਸ਼—ਤਲਵੰਡੀ ਸਲੇਮ ਦੇ ਖੇਤਾਂ 'ਚ ਸੀ ਜਾਂ ਕੈਲੇਫੋਰਨੀਆਂ ਵਿਚ—ਆਪਣੀ ਪਹਿਚਾਣ ਨਹੀਂ ਗਵਾਈ। ਜ਼ਿੰਦਗੀ ਨਾਲ ਯਾਰੀ ਲਾ ਕੇ ਕੱਚੇ ਆਸ਼ਕ ਵਾਂਗੂੰ ਵਿਚੇ ਛੱਡ ਕੇ ਨਹੀਂ ਗਿਆ ਵਾਰਿਸ ਵਾਂਗੂੰ, ਪੁੱਗਾ ਗਿਆ :—

ਸਿਰ ਦਿਤਿਆਂ ਬਾਝ ਨਾ ਇਸ਼ਕ ਪੱਕੇ,
ਨਹੀਂ ਇਹ ਸੁਖਾਲੀਆਂ ਯਾਰੀਆਂ ਨੇ।

ਇਸ ਅਲਬੇਲੇ ਰਾਹੀ ਨੇ ਸਾਹਿਤ ਦੇ ਪਿੜ ਵਿਚ ਤਿੰਨ ਕਾਵਿ ਸੰਗ੍ਰਹਿ ਦਿਤੇ ਤੇ ਦੋ ਕਹਾਣੀਆਂ। ਸਮੇਂ ਸਮੇਂ ਨਿਕਲਦੇ ਤਿੰਨ ਪਰਚਿਆਂ ਦਾ ਸੰਪਾਦਕ ਵੀ ਰਿਹਾ। 'ਸਿਆੜ'—ਜੋ ਹਕੂਮਤ-ਖਿਲਾਫ ਬਗਾਵਤ ਦੀਆਂ ਰਿਦਮਾਂ ਛੇੜਦਾ ਸੀ। 'ਹੇਕ'—ਜੋ ਢਾਂਚੇ ਦੀ ਚੀਰ ਫਾੜ ਕਰਦਾ ਰਿਹਾ ਤੇ ਫਿਰ ਕੈਲੇਫੋਰਨੀਆਂ ਵਿਚੋਂ 'ਨਿਕਲੇ' Anti 47 'ਚ ਜਿਸਨੇ ਫਿਰਕੂ ਜਨੂੰਨ ਖਿਲਾਫ ਜਹਾਦ ਵਿੱਢਿਆ ਹੋਇਆ ਸੀ। ਉਸ ਦੀਆਂ ਅਣਛਿਪੀਆ ਰਚਨਾਵਾਂ ਜਿੰਨਾਂ ਨੂੰ ਲੱਭਣਾ ਪੈਣਾ ਹੈ। ਸਾਡੇ ਪਾਸ ਕੁਲ ਉਸਦੀ ਵਿਰਾਸਤ ਹੈਨ। ਸਾਰਿਆਂ 'ਚੋਂ ਉਸ ਦੀ ਕਲਮ ਦੀ ਪ੍ਰਤੀਬੱਧਤਾ ਆਪਣੇ ਲੋਕਾਂ ਪ੍ਰਤੀ ਸਾਫ਼ ਤੇ ਸਪੱਸ਼ਟ ਮਿਲਦੀ ਹੈ।

ਉਹ ਹਕੂਮਤ ਖਿਲਾਫ ਲੜਿਆ ਜਾਂ ਕਾਲੀਆਂ ਤਾਕਤਾਂ ਖਿਲਾਫ, ਉਸ ਦੀ ਕਲਮ ਨੂੰ ਸੌਪੱਸ਼ਟ ਪੈਂਤੜਾ ਲਿਆ। ਬੁਜ਼ਦਿਲਾਂ ਵਾਲਾ ਰਾਹ ਨਹੀਂ ਚੁਣਿਆ। ਉਸ ਦੀ ਕਲਮ ਚੋਂ ਨਵੀਂ ਜ਼ਿੰਦਗੀ ਨਵੀਂ ਸਵੇਰ, ਨਵੇਂ ਮਨੁੱਖ, ਨਵੇਂ ਸਮਾਜ ਦੀ ਸਿਰਜਣਾ ਦੀ ਹੂਕ ਨਿਕਲੀ। ਉਹਨੇ ਕਲਮ ਦਾ ਕਰਜ਼ ਚੁਕਦਿਆਂ ਕੀਤਾ। ਉਦਾਸ ਮੌਸਮਾਂ ਨੂੰ ਉਹਦੀ ਕਲਮ ਵੰਗਾਰਦੀ ਰਹੀ :—

ਐ ਰਾਤ ਤੂੰ ਮੇਰੇ ਲਈ ਉਦਾਸ ਨਾ ਹੋ
... ... ... ...
ਮੇਰੀਆਂ ਅੱਖਾਂ 'ਚ ਤੱਕ
ਮੈਂ ਭਵਿੱਖ ਦੀਆਂ ਅੱਖਾਂ 'ਚ ਤੱਕਦਾ ਹਾਂ

ਜਿਸ ਹਨੇਰੀ ਰਾਤ ਦੇ ਹਨੇਰੇ ਨੂੰ ਚੂਸਣ ਲਈ ਸਦਾ ਤਤਪਰ ਰਿਹਾ। ਗੀਤ ਲਈ ਰਾਗ ਲਈ, ਬੋਲਾਂ ਖੁਣੋ ਤੜਪਿਆ, ਜ਼ਿੰਦਗੀ ਤੇ ਮੌਤ ਨਾਲ ਭਿੜਿਆ ਤੇ ਹਰ ਵਾਰ ਚਸ਼ਮੇ ਵਾਂਗੂੰ ਫੁਟਿਆ। ਇਹ ਸ਼ਬਦ ਜੋ ਉਹਦੀ ਕਲਮ 'ਚੋਂ ਨਿਕਲ ਰਹਨ ਕਿੰਨੇ ਯਥਾਰਥੀ ਹਨ ਅੱਜ ਵੀ :—

ਰਾਤ ਨੂੰ ਰਿਜਮਾਂ ਨਾਲ ਨਹੀਂ
ਸਿਰਫ ਸੂਰਜ ਨਾਲ ਧੋਤਾ ਜਾ ਸਕਦਾ ਹੈ।

'ਧੁੱਪ ਵਾਂਗ ਧਰਤੀ 'ਤੇ ਖਿੜ ਜਾਣ' ਤੇ 'ਜ਼ਿੰਦਗੀ ਦੇ ਗਲ਼ੇ ਤੱਕ ਡੁਬ ਜਾਣ' ਦੀ ਉਮੰਗ ਜਿਹਨੂੰ ਉਹਨੇ ਸੱਚੀ ਵਫ਼ਾ ਸੰਗ ਪਾਲਿਆ ਸੀ ਅਜੇ ਮਰੀ ਨਹੀਂ ਇਹ 'ਪਾਸ਼' ਦੀ ਹੀ ਉਮੰਗ ਨਹੀਂ ਸੀ ਜ਼ਿੰਦਗੀ ਲਈ ਲੜਦੇ ਹਰ ਚੇਤੰਨ ਮਨੁੱਖ ਦੀ ਹੈ। ਉਹਨੇ ਜਿਹੜੇ ਹਰਫ਼ ਰਚੇ ਹਨ ਉਹ ਗੋਲੀਆਂ ਨਾਲ ਸ਼ਾਂਤ ਹੋਣ ਵਾਲੇ ਨਹੀਂ। ਉਹਨਾਂ ਹਰਫ਼ਾਂ ਵਿਚ ਸਮੁੱਚੀ ਮਨੁੱਖਤਾ ਦੀ ਤਾਕਤ ਛੁਪੀ ਹੋਈ ਹੈ ਉਹ ਮਰਨ ਵਾਲੇ ਨਹੀਂ। ਉਹ ਜਿਉਂਦੇ ਰਹਿਣਗੇ ਯੁਗਾਂ ਯੁਗਾਂ ਤੱਕ ਆਪਣੇ ਲੋਕਾਂ ਦੀ ਵਿਰਾਸਤ ਬਣਨਗੇ। ਆਉ ਉਹਦੇ ਹੀ ਸ਼ਬਦਾਂ ਨਾਲ ਉਹਦੀ ਵਿਰਾਸਤ ਅੱਗੇ ਤੋਰੀਏ :—

ਅਸੀਂ ਲੜਾਂਗੇ ਸਾਥੀ ਉਦਾਸ ਮੌਸਮ ਲਈ
ਅਸੀਂ ਲੜਾਂਗੇ ਸਾਥੀ ਗੁਲਾਮ ਸਧਰਾਂ ਲਈ
ਅਸੀਂ ਚੁਣਾਂਗੇ ਸਾਥੀ ਜ਼ਿੰਦਗੀ ਦੇ ਟੁਕੜੇ
ਹੱਥਾਂ ਤੇ ਪਏ ਮੱਟਾਂ ਦੀ ਕਸਮ
ਅਸੀਂ ਲੜਾਂਗੇ ਸਾਥੀ
ਅਸੀਂ ਚੜਾਂਗੇ
ਕਿ ਲੜਣ ਬਾਝੋਂ ਕੁਝ ਵੀ ਨਹੀਂ ਮਿਲਦਾ
ਜਦੋਂ ਬੰਦੂਕ ਨਾ ਹੋਈ ਤਲਵਾਰ ਹੋਵੇਗੀ
ਜਦੋਂ ਤਲਵਾਰ ਨਾ ਹੋਈ ਲੜਨ ਦੀ ਲਗਨ ਹੋਵੇਗੀ
ਲੜਨ ਦੀ ਜਾਚ ਨਾ ਹੋਈ ਲੜਨ ਦੀ ਲੋੜ ਹੋਵੇਗੀ
ਅਸੀਂ ਲੜਾਂਗੇ ਸਾਥੀ
ਲੜ ਕੇ ਮਰ ਚੁੱਕਿਆਂ ਦੀ ਯਾਦ ਜ਼ਿੰਦਾ ਰੱਖਣ ਲਈ
ਅਸੀਂ ਲੜਾਂਗੇ ਸਾਥੀ

—o—

ਬਲਰਾਜ ਸਾਹਨੀ ਯਾਦਗਾਰ-ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ ਗਿਆ ਛਪਾਈ ਚੰਨ ਪ੍ਰਿੰਟਿੰਗ ਪ੍ਰੈਸ, ਗੁਰੂ ਨਾਨਕਪੁਰਾ ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ—ਗੁਰੂ ਖਾਲਸਾ ਨਿਵਾਸ ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ—143002 ਸਾਲਾਨਾ ਚੰਦਾ—15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120 ਰੁ: ਸਮਤਾ ਦਾ ਟੈਲੀਫੂਨ ਨੰਬਰ 64786

## ਸਾਡਾ ਪਾਸ਼

### ਸੁਖਦੇਵ ਸਿੱਧੂ

ਬੁਧਵਾਰ ਸਵੇਰੇ ਅਮਰਜੀਤ ਚੰਦਨ ਦਾ ਟੈਲੀਫੂਨ ਕੰਮ ਤੇ ਆਇਆ ਕਿ ਪਾਸ਼ ਤੇ ਅਟੈਕ ਹੋਇਆ ਹੈ ਮੈਂ ਅਮਰੀਕਾ ਨੂੰ ਟੈਲੀਫੂਨ ਕਰਕੇ ਪਤਾ ਕਰਾਂ—ਮੈਂ ਸੋਚਿਆ ਉਨ੍ਹਾਂ ਨੂੰ ਜੈਮਲ ਪੱਡੇ ਦੇ ਕਤਲ ਨਾਲ ਭੁਲੇਖਾ ਲੱਗਾ ਹੈ। ਮੈਂ ਟੈਲੀਫੂਨ ਘੁਮਾਇਆ ਧੀਦੋ ਨੇ ਚੁਕਿਆ—ਟੈਲੀਫੂਨ 'ਚੋਂ ਹੀ ਪੰਮੀ ਰੋਂਦੀ ਸੁਣ ਪਈ—ਮੈਨੂੰ ਖੁੜਕ ਗਈ—ਲੱਤਾਂ ਸਾਹ ਸਾਹ ਸੱਤ ਹੀਣ ਜਿਹੀਆਂ ਹੋ ਗਈਆਂ—ਧੀਦੋ ਨੇ ਦੱਸਿਆ ਕਿ ਪਾਸ਼ ਤੇ ਹੰਸ਼ਾ ਦੋਵੇਂ ਇਕੱਠੇ ਸਨ। ਅਮਰਜੀਤ ਨੂੰ ਟੈਲੀਫੂਨ ਕਰਨ ਨੂੰ ਚਿੱਤ ਨਾ ਕਰੇ. ਘੰਟਾ ਕੁ ਅਟਕ ਕੇ ਕੀਤਾ ਤਾਂ ਚੰਦਨ ਨੇ ਆਪ ਹੀ ਟੈਲੀਫੂਨ ਕਰ ਲਿਆ ਸੀ ਅਤੇ ਘਰ ਨੂੰ ਚੁਲੇ ਗਿਆ ਸੀ ਮੈਂ ਵੀ ਘਰ ਆ ਗਿਆ—ਬੈੱਡਫੋਰਡ ਦੇ ਸਾਥੀਆਂ ਨੂੰ ਦੱਸਿਆ ਉਹ ਵੀ ਐਡਵਾਈਸ ਸੈਂਟਰ 'ਚੋਂ ਉਠ ਕੇ ਆ ਗਏ—ਘਰ ਜਸਬੀਰ ਤੇ ਬੱਚੇ ਵੀ ਉਦਾਸ ਹੋ ਗਏ ਸਨ—ਪਾਸ਼। ਤੇਰੇ 'ਚ ਕਿਹੜੀ ਅਜਿਹੀ ਗੱਲ ਸੀ ਜਿਹਨੂੰ ਤੇਰੇ ਬੰਦਿਆਂ ਤੋਂ ਬਿਨਾ ਜਣੇ ਖਣੇ ਨੂੰ ਉਦਾਸ ਕਰ ਦਿਤਾ ਹੈ।

ਘਰ ਨੂੰ ਆਉਂਦਿਆਂ ਬੜੀਆਂ ਸੋਚਾਂ 'ਚੋਂ ਗੁਜ਼ਰਿਆ ਸਾਂ ਤੂੰ ਕਿਥੇ ਸੈਂ—ਤਲਵੰਡੀ ਜਾਂ ਉੱਗੀ, ਕੀ ਤੁਹਾਡੇ ਕੋਲ ਕੁਝ ਨਹੀਂ ਸੀ, ਉਹ ਗੰਦੇ ਆਂਡੇ ਸਨ ਕਿਹੜੇ ਜਿਹਨਾਂ ਦਾ ਜ਼ਿਕਰ ਤੂੰ ਮੇਰੇ ਕੋਲ ਕੀਤਾ ਸੀ ਜਾਂ ਹੋਰ? ਉਨ੍ਹਾਂ ਭੁੱਲ ਚੁੱਕੀਆਂ ਕਵਿਤਾਵਾਂ ਨੂੰ ਯਾਦ ਕਰਦਾ ਰਿਹਾ ਜਿਹੜੀਆਂ ਤੂੰ ਮੈਨੂੰ ਕਵਿਤਾ ਮੁਕਾਬਲੇ 'ਚ ਪੜ੍ਹਨ ਲਈ ਦਿੱਤੀਆਂ ਸਨ—

ਤੈਨੂੰ ਮੈਂ ਦਸਿਆਂ ਕਿ ਮੈਂ ਹੰਸ ਰਾਜ ਨੂੰ ਹੀ ਪਾਸ਼ ਸਮਝਦਾ ਰਿਹਾ ਸਾਂ ਜਦੋਂ ਮੈਂ ਕਾਲਜ ਗਿਆ ਸੀ ਤਾਂ ਮੈਥੋਂ ਮੋਹਲਿਆਂ ਪਾੜ੍ਹਿਆਂ ਨੇ ਦੱਸਿਆ ਸੀ ਕਿ ਪਾਸ਼ ਹੈ ਘੁੰਗਰਾਲੇ ਵਾਲਾਂ ਵਾਲਾ ਮੋਟੀਆਂ ਮੋਟੀਆਂ ਅੱਖਾਂ ਵਾਲਾ ਕੁਲੀਨ ਸੋਵ ਗੋਰਾ ਮੁੰਡਾ—ਹੰਸ ਰਾਜ ਵੀ ਇਸੇ ਹੁਲੀਏ 'ਚ ਫਿੱਟ ਹੁੰਦਾ ਸੀ ਸਿਰਫ ਉਹ ਤੈਥੋਂ ਲੰਬਾ ਸੀ। ਦੇਖ ਸਮੇਂ ਦਾ ਗੇੜ ਹੈ ਤੁਸੀਂ ਅਖੀਰ ਵੇਲੇ ਵੀ ਇਕੱਠੇ ਸੀ—ਮੈਨੂੰ ਤੇਰੀ ਉਹ ਗੱਲ ਯਾਦ ਆਉਂਦੀ ਹੈ ਜਦੋਂ ਹੰਸ ਰਾਜ ਅਰਬ 'ਚ ਗਿਆ ਸੀ ਤਾਂ ਉਹਦੀ ਘਰ ਵਾਲੀ ਉਹਨੂੰ ਹਿੰਦੀ ਸੀ ਖਤ ਲਿਖਦੀ ਸੀ ਤੇ ਤੁਸੀਂ ਛੇੜਦੇ ਹੁੰਦੇ ਸੀ—ਕਿ ਉਹ ਪੰਜਾਬੀ 'ਚ ਖਤ ਕਿਉਂ ਨਹੀਂ ਲਿਖਦੀ ਦੇਖ ਉਹੀ ਹੰਸ ਰਾਜ ਪੰਜਾਬ, ਪੰਜਾਬੀ, ਤੇ ਪੰਜਾਬੀਅਤ ਲਈ ਤੇਰੇ ਨਾਲ ਕੁਰਬਾਨ ਹੋ ਗਿਐ। ਇਹੀ ਹੰਸ ਰਾਜ, ਜਦੋਂ ਅਸੀਂ ਡਾ. ਚੰਦ ਨੂੰ ਜ਼ੋਰ ਪਾ ਕੇ ਤੈਨੂੰ ਵੀ ਕਵੀ ਦਰਬਾਰ ਤੇ ਸੱਦਿਆ ਸੀ, ਤੇਰੇ ਕੱਪੜੇ ਲਈ ਨਹਿਰ ਤੇ ਖੜਾ ਸੀ ਤੂੰ ਪੈਰ ਧੋ ਕੇ ਚੱਪਲਾਂ ਦੀ ਥਾਂ ਜੁੱਤਾ ਪਾ ਰਿਹਾ ਸੀ ਪਜਾਮੇ ਦੀ ਥਾਂ ਪੈਂਟ—ਹੈਰਾਨ ਸਾਂ ਤੂੰ ਇਹ ਸਭ ਕੁਝ ਘਰੋਂ ਈ ਕਿਉਂ ਨਹੀਂ ਸੀ ਕਰੀ ਆਇਆ—ਉਥੇ ਤੇ ਨਜ਼ਮ ਪੜ੍ਹੀ ਸੀ 'ਕਲਾਮ ਮਿਰਜ਼ਾ' ਤੇ ਇਹਦੇ ਉੱਭਰਵੇਂ ਬੋਲ ਮਿਰਜ਼ੇ ਦੀਆਂ ਕਾਨੀਆਂ ਡੀ. ਸੀ. ਜਾਂ ਆਈ. ਜੀ. (?) ਦੇ ਹਿੱਕ 'ਚ ਜਾ ਖੁਭੇ ਸਨ—ਉਹਨੇ ਕਿਹਾ ਸੀ ਇਹਨੂੰ ਫੜ ਲਓ। ਇਸੇ ਹੀ ਕਵਿਤਾ 'ਚ ਮੀਸ਼ੇ ਨੂੰ ਛੇੜਨ ਲਈ ਇਕ ਲਾਈਨ ਇਉਂ ਬਦਲ ਦਿਤੀ ਸੀ।

'ਪ੍ਰੀਲੂ ਅੱਜ ਕੱਲ ਰੇਡੀਓ ਸਟੇਸ਼ਨ ਤੇ ਡਾਇਰੈਕਟਰ ਲੱਗਾ ਹੈ।' ਚੁਰਾਸੀ 'ਚ ਜਦੋਂ ਮੈਂ ਭਾਰਤ ਗਿਆ ਸੀ ਤਾਂ ਮੇਰੇ ਕੋਲ ਸਿਰਫ ਇਕ ਰਾਤ ਸੀ ਮੈਂ ਤੇਰੇ ਕੋਲ ਬਿਤਾਉਣੀ ਚਾਹੀ ਸੀ ਤੇ ਕਿਸੇ ਹੱਥ ਸੁਨੇਹਾ ਭੇਜਿਆ ਸੀ ਕਿ ਅਸੀਂ ਆ ਰਹੇ ਹਾਂ—ਸੁਨੇਹਾ ਤੈਨੂੰ ਨਾ ਮਿਲਿਆਂ ਅਸੀਂ ਆ ਗਏ—ਤੂੰ ਬੋਤਲ ਮੰਗਵਾਈ ਮੇਰੇ ਜ਼ੋਰ ਪਾਉਣ ਤੇ ਵੀ ਗਲਾਸਾ ਭਰਤਾ—ਰੋਟੀ ਖਾਧੀ ਤੇ ਸੌਂ ਗਏ ਤੂੰ ਸਵੇਰੇ ਉੱਠ ਕੇ ਟਿਊਸ਼ਨ ਪੜ੍ਹਉਣ ਤੁਰ ਗਿਆਂ 'ਤੇ ਅਸੀਂ ਘਰ ਨੂੰ ਆ ਗਏ ਮੇਰੇ ਨਾਲ ਜਗੀਰ ਜੋਸਨ ਸੀ 'ਤੇ ਉਹ ਬਹੁਤ ਖੁਸ਼ ਨਹੀਂ ਸੀ ਕਿ ਕੋਈ ਗੱਲ ਬਾਤ ਨਹੀਂ ਸੀ ਹੋਈ—ਮੈਂ ਉਹਨੂੰ ਸਮਝਾਇਆ ਰੁਝੇਵੇਂ ਭਰੀ ਜ਼ਿੰਦਗੀ 'ਚ ਬੰਦੀਂ ਬੁਰਾ ਨਹੀਂ ਮਨਾਈਦਾ। ਦੋ ਹਫਤਿਆਂ ਬਾਅਦ ਤੇਰੀ ਲੰਮੀ ਚਿੱਠੀ ਆਈ ਸੀ ਮੈਂ ਨਰਾਜ਼ ਤਾਂ ਨਹੀਂ ਹੋ ਗਿਆ—ਹੁਣ ਨਰਾਜ਼ਗੀ ਕਿਹਦੇ ਨਾਲ ਕਰਾਂਗੇ?

ਇਥੇ ਆ ਕੇ ਤੂੰ ਬੜੀਆਂ ਗੱਲਾਂ ਦੱਸੀਆਂ ਪੁੱਛੀਆਂ। ਲਹਿਰ' ਬਾਰੇ, ਲੀਡਰਾਂ ਬਾਰੇ ਇਨਕਲਾਬੀ, ਸ਼ਹੀਦਾਂ ਬਾਰੇ, ਮੈਂ ਤੈਨੂੰ ਦਰਸ਼ਨ ਦੁਸਾਂਝ ਤੇ ਇਕਬਾਲ ਖਾਨ ਬਾਰੇ ਉਚੇਚਾ ਦੁਬਾਰਾ ਪੁਛਿਆ ਤੂੰ ਆਮ ਕਿਹਾ ਇਕਬਾਲ ਨੇ ਤੈਥੋਂ ਜ਼ਿਆਦਾ ਤਸੀਹੇ ਝਲੇ।

ਤੂੰ ਚੰਦਨ ਬਾਰੇ ਦੱਸਦਾ ਰਿਹਾ—ਇਹਦਾ ਸੁਭਅ—ਰੁੱਖਾ ਕਿਉਂ ਹੈ? ਇਹਦੀ ਸਮਝ ਕਿੰਨੀ ਤਿੱਖੀ ਹੈ ਤੂੰ ਕਿਵੇਂ 'ਦਸਤਾਵੇਜ਼' 'ਚ ਇਹਦਾ ਸਹਾਇਕ ਬਣਿਆ—ਫੇਰ ਤੂੰ ਦੱਸਿਆ ਕਿ ਮਾਰਕਸੀ ਸ਼ਾਇਰਾਂ ਨੇ ਤੇਰੇ ਕਲ ਗਿਲਾ ਕੀਤਾ ਕਿ ਤੇਰਾ ਯਾਰ ਹੈ ਇਹਨੂੰ ਸਮਝਾ। ਹਰ ਇਕ ਦੁਆਲੇ ਡੰਡਾ ਕੱਢੀ ਫਿਰਦਾ—ਹਰ ਕਿਸੇ ਦਾ ਝੱਗਾ ਚੁੱਕ ਦਿੰਦੈ ਤੂੰ ਕਿਹਾ "ਉਹ ਤਾਂ ਅਸੀਂ ਸਾਹਨ ਛੱਡਿਆ ਹੋਇਆ।" ਆਪਾਂ ਬੜੇ ਹੱਸੇ ਸਾਂ। ਇਹੋ ਗੱਲ ਮੈਂ ਅਮਰਜੀਤ ਨੂੰ ਦੱਸੀ ਤਾਂ ਉਹ ਵੀ ਬਹੁਤ ਹੱਸਿਆ ਸੀ—ਪਰ ਉਹ 'ਸਾਹਨ' ਤੇਰੀ ਸੁਝਾਉਣੀ ਸੁਣ ਕੇ ਬੜਾ ਉਦਾਸ ਹੋ ਗਿਆ ਸੀ—ਉਸ ਦੀ ਅਵਾਜ਼ 'ਚ

ਉਹ ਟਣਕ ਨਹੀਂ ਸੀ—ਤੇਨੂੰ ਉਹਦੇ ਸਾਹਮਣੇ ਬਾਕੀ ਦੇ ਲੇਖਕ ਬੌਣੇ ਲੱਗੇ ਸਨ—ਖ਼ਾਸ ਕਰਨਾ ਉਨ੍ਹਾਂ ਦੇ ਮਨੁੱਖ ਵਿਰੋਧੀ ਵਤੀਰੇ ਤੋਂ—ਤੇ ਤੇਰੇ ਕੁਝ ਕੁ 'ਹੇਜਲੇ ਅਖ਼ਵਾਉਂਦੇ' ਲੇਖਕਾਂ ਨੂੰ ਅਜੇ ਵੀ ਪਤਾ ਨਹੀਂ ਲੱਗਾ ਕਿ, 'ਮੁਖ ਦੁਸ਼ਮਣ' ਕੌਣ ਹੈ ਉਹ ਕਹਿੰਦੇ ਹਨ ਅੰਧਰਾ ਵਿਚ ਲੜ ਕੇ ਮਰ ਰਹੇ ਹਨ ਕਿਆ ਸੋਚ ਹੈ ਸਾਡਾ 'ਹੀਰ' ਨਹੀਂ ਰਿਹਾ ਤੇ ਇਹ ਆਪਸ ਵਿਚ ਦਸਦੇ ਹਨ।

ਤੇਰੇ ਨਾਂ ਤੋਂ ਕੁਨਾਂ ਰੱਖਣ ਤੇ ਸਤਿੰਦਰ ਸ਼ਿੱਸੂ (ਮੇਰੇ ਕੋਲ) ਨਰਾਜ਼ ਹੋ ਗਿਆ ਸੀ ਕਿ ਤੂੰ ਮੋਹਨ ਸਿੰਘ ਨੂੰ ਮੋਹਨ ਲਾਲ ਕਿਉਂ ਕਹਿਨੈਂ ਤੂੰ, ਕਿਹਾ ਸੀ ਮੈਂ ਸ਼ਿਵ ਕੁਮਾਰ ਨੂੰ ਸ਼ਿਵ ਸਿੰਘ ਕਹਿਨਾ—ਇਉਂ ਹੀ ਅਮਰਜੀਤ ਵਲੋਂ ਰੁਖੇ ਪਾਹਵਾ, ਠਾਹ ਠਾਹ, ਚੰਡਾਲ੍ਹਵੀ ਸਭ ਤੇਨੂੰ ਮਨੋਰੰਜਨ ਲੱਗਦੇ ਸਨ ਅਮਰਜੀਤ ਦਾ 'ਕ੍ਰੋਧੀ' ਵੀ ਤੇਨੂੰ ਸੁਹਣਾ ਲਗਦਾ ਸੀ ਤੇ ਉਹਦੇ ਤੇ ਤੇਨੂੰ ਮਾਣ ਵੀ ਸੀ—ਇਉਂ ਹੀ ਹਰੀਸ਼, ਦਰਸ਼ਣ ਦਾਸ ਤੂੰ ਆਪ ਢੂੰਡੇ ਸਨ—ਮੇਰਾ ਵੀ ਰੱਖਿਆ ਤੇ ਹੋਣੇ ਪਰ ਮੇਰੇ ਸਾਹਮਣੇ ਦਸਣੋਂ ਝੱਕ ਗਿਆ ਹੋਵੇ—ਭੈੜਿਆ ਦੱਸ ਜਾਂਦਾ। ਸੁਖਵਿੰਦਰ ਕੰਬੋਜ ਦੀਆਂ ਦਸਦਾ ਰਿਹਾ—ਸੁਰਿੰਦਰ ਧੰਜਲ ਦੀ ਸੰਗੀਤ ਬਾਰੇ ਸਮਝ, ਜੁਗਿੰਦਰ ਰੰਧਾਵੇ ਦਾ ਤੁਲਫ਼ਜ਼ ਇਕਬਾਲ ਦੀ ਕਵਿਤਾ ਦਾ ਜ਼ਿਕਰ ਕਰਦਾ ਰਿਹਾ ਏਥੋਂ ਦੀ ਕਵਿਤਾ ਦਾ ਤੇ ਕਨੇਡੇ ਦੀ ਕਵਿਤਾ ਦਾ ਮੁਲਾਂਕਣ ਦੱਸਦਾ ਰਿਹਾ।

ਰੋਟੀ ਖਾਂਦਿਆਂ ਤੂੰ ਸ਼ਕੁੰਤਲਾ ਭਾਬੀ ਤੇ ਜਸਬੀਰ ਦੀ ਭੋਜਨ ਬਾਰੇ ਸਿਫਤ ਕਰਨੋ ਨਹੀਂ ਸੀ ਹੱਟਦਾ, ਤਾਂ ਮੈਂ ਤੇਨੂੰ ਗੱਧੀ ਗੇੜ 'ਚ ਪਾ ਦਿੱਤਾ ਕਿ ਜਸਬੀਰ ਤੇਰੇ ਪਿੰਡ ਦੀ ਕੁੜੀ ਹੈ ਤੂੰ ਸਾਰੀ ਰਾਤ ਮੈਥੋਂ ਪੁੱਛਦਾ ਰਿਹਾ—ਸਵੇਰੇ ਉੱਠ ਕੇ ਤੂੰ ਖੁਦ ਜਸਬੀਰ ਕੋਲੋਂ ਪੁਛ ਲਿਆ ਜਦੋਂ ਉਹਨੇ ਵੀ 'ਤਲਵੰਡੀ' ਕਹਿ ਦਿੱਤਾ ਤਾਂ ਵੀ ਤੇਨੂੰ ਯਕੀਨ ਨਾ ਆਇਆ।

ਤੇਰੀ ਕਵਿਤਾ ਵਿਰੋਧੀਆਂ ਦੇ ਕਾਲੀ ਵਾਂਗ ਲੱਗਦੀ ਸੀ ਦਿੱਲੀ ਯੂਨੀਵਰਸਿਟੀ ਦੇ ਡਾਕਟਰਾਂ ਦੇ ਵੀ ਧੱਫੇ ਮਾਰ ਆਉਂਦੀ ਤੇ ਫਿਰ ਉਹ ਕੁੜਦੇ, ਸੜਦੇ ਵਿਰੋਧੀ ਕਵਿਤਾਵਾਂ ਲਿਖਦੇ—ਉਨ੍ਹਾਂ ਅੱਡੀਆਂ ਤਾਈ ਜ਼ੋਰ ਲਾਇਆ ਕਿ ਇਹ ਕੋਈ ਕਵਿਤਾ ਨਹੀਂ ਹੈ ਨਾਹਰੇ ਬਾਜੀ ਹੈ ਸਾਡੇ 'ਉਚਤਮ ਪਰਚਮ' ਨੂੰ ਲਾਲ ਟਾਕੀ ਆਖਿਆ—ਅਜ ਕੱਲ ਖ਼ੁਦ ਰੂਸੀ ਸਫਰਨਾਮੇ ਰਚ ਰਹੇ ਹਨ। 'ਸਭ ਤੋਂ ਖ਼ਤਰਨਾਕ' ਮੈਂ ਤੇਨੂੰ ਕਹਿ ਕੇ ਲਿਖਵਾਈ ਸੀ 'ਅਸੀਂ' 'ਸੰਤ ਰਾਮ ਉਦਾਸੀ' ਦੀ ਯਾਦ 'ਚ ਕਵੀ ਦਰਬਾਰ ਰਖਿਆ ਸੀ ਤੇ ਤੇਨੂੰ ਕਿਹਾ ਸੀ ਕੋਈ ਬਿਲਕੁਲ ਨਵੀਂ ਕਵਿਤਾ ਪੜੀਂ ਤੂੰ ਕਿਹਾ ਸੀ ਇਹ ਕਿਹੜੀ ਗੱਲ ਆ ਹੁਣੇ ਲਿਖ ਲਵਾਂਗੇ ਤੇ ਉ ਇਹ ਕਵਿਤਾ ਪੜ੍ਹ ਕੇ ਸੁਣਾਈ ਸੀ—ਇਹ ਇਕ ਯਾਦ ਹੈ—

ਤੂੰ ਬਰਮਿੰਘਮ ਦੀ ਬਰਾਂਚ ਤੇ ਬੈੱਡਫੋਰਡ ਦੀ ਬਰਾਂਚ ਦਾ ਕੰਮ ਦੇਖ ਕੇ ਖੁਸ਼ ਸੈਂ ਤੂੰ ਅਮਰੀਕਾ ਤੋਂ ਜਾ ਕੇ ਲਿਖਿਆ ਸੀ ਕਿ ਜੇ ਮੈਂ ਇਨ੍ਹਾਂ ਦੋਹਾਂ ਬਰਾਂਚਾਂ ਦਾ ਕੰਮ ਨਾ ਦੇਖਦੀ ਤਾਂ ਮੇਰੀ ਭਾਰਤੀ 'ਮਜ਼ਦੂਰ ਸਭਾ' ਬਾਰੇ ਰਾਇ ਹੋਰ ਹੋਣੀ ਸੀ। ਜਦੋਂ ਮਾਰਕਸੀਆਂ ਦੇ ਜਲਸੇ 'ਚ ਖੱਪ ਪਾਉਣ ਆਏ ਖਾਲਿਸਤਾਨੀਆਂ ਨੂੰ ਬਰਮਿੰਘਮ ਵਾਲੇ ਜੁਆਨਾਂ ਨੇ ਫਾਂਟੀ ਚਾੜ੍ਹੀ ਸੀ ਤਾਂ ਤੂੰ ਇਨ੍ਹਾਂ ਨੂੰ ਮੰਨ ਗਿਆ ਸੈਂ ਇਨ੍ਹਾਂ ਦਾ ਰੋਹ ਹੁਣ ਵੇਖਣ ਵਾਲਾ ਹੈ—ਲੋਕਾਂ ਦਾ ਰੋਹ ਵਧੇਗਾ। 'ਇਨ੍ਹਾਂ' ਦਾ ਤੁਖਮ ਲੋਕ ਉੜਾ ਦੇਣਗੇ, ਅਸੀਂ ਲੜਾਂਗੇ ਸਾਥੀ, ਅਸੀਂ ਬੇਵਫਾ ਨਹੀਂ ਬਣਾਂਗੇ, ਅਸੀਂ ਹੋਰ ਤੇਜ਼ ਹੋਵਾਂਗੇ ਅਸੀਂ ਡਰਾਂਗੇ ਨਹੀਂ, ਅਸੀਂ ਜੀਵਾਂਗੇ, ਅਸੀਂ ਬੱਚਿਆਂ ਲਈ ਸਾਥੀਆਂ ਲਈ ਪਰ ਅਸੂਲਾਂ ਤੋਂ ਗਿਰ ਕੇ ਨਹੀਂ ਗੰਦੇ ਆਗੂਆਂ ਨਾਲ ਰਾਜ਼ੀਨਾਮੇ ਕਰਕੇ ਨਹੀਂ—ਅਸੀਂ ਅਸੂਲਾਂ ਤੇ ਪਹਿਰਾ ਦਿਆਂਗੇ ਅਸੀਂ ਤੂਫਾਨ ਦਾ ਮੂੰਹ ਮੋੜ ਦਿਆਂਗੇ ਮਿਹਨਤਕਸ਼ਾਂ ਦੀ ਰਖਵਾਲੀ ਕਰਾਂਗੇ—ਅਸੀਂ ਤੇਨੂੰ ਜੀਉਂਦਾ ਕਰਾਂਗੇ ਅਸੀਂ ਜੀਵਾਂਗੇ॥

ਜ਼ਿੰਦਾ ਬਾਦ

---

ਇਕ ਵਿਚਾਰ

## ਫਰਕ

ਪ੍ਰਵੀਨ ਖੋਖਰ

ਭਾਰਤ ਦੇ ਪ੍ਰਧਾਨ ਮੰਤਰੀ ਦਾ ਕਤਲ ਹੋ ਜਾਂਦਾ ਹੈ ਲੋਕਾਂ ਦੀ ਆਫ਼ਤ ਆ ਜਾਂਦੀ ਹੈ। ਨਿਰਦੋਸ਼ ਲੋਕਾਂ ਨੂੰ ਜਿਉਂਦੇ ਹੀ ਅੱਗ ਦੀ ਭੇਂਟ ਕਰ ਦਿਤਾ ਜਾਂਦਾ ਹੈ। ਰਾਸ਼ਟਰੀ ਝੰਡਾ ਝੁਕਾ ਦਿੱਤਾ ਜਾਂਦਾ ਹੈ। ਰਾਸ਼ਟਰੀ ਸ਼ੋਕ ਮਨਾਉਣ ਦਾ ਐਲਾਨ ਕਰ ਦਿੱਤਾ ਜਾਂਦਾ ਹੈ। ਟੀ. ਵੀ. ਰੇਡਿਉ, ਪੁਲਿਸ, ਫੌਜ ਸਭ ਸੋਗ 'ਚ ਡੁਬ ਜਾਂਦੇ ਹਨ। ਸਾਰੇ ਅਦਾਰੇ ਬੰਦ ਕਰਨ ਦੇ ਹੁਕਮ ਦਿਤੇ ਜਾਂਦੇ ਹਨ।

ਇਸੇ ਭਾਰਤ 'ਚ ਹੀ ਕਿਸੇ ਥਾਂ ਚਾਲ੍ਹੀ ਬੇਗੁਨਾਹੇ ਲੋਕਾਂ ਨੂੰ ਨੰਗੇ ਚਿੱਟੇ ਦਿਨ ਗੋਲੀਆਂ ਨਾਲ ਦਾਣਿਆਂ ਵਾਂਗ ਭੁੰਨ ਦਿੱਤਾ ਜਾਂਦਾ ਹੈ। ਰੇਡਿਓ 'ਚ ਪਹਿਲਾਂ ਵਾਂਗ ਫਿਲਮੀ ਧੁੰਨਾਂ ਜਾਰੀਆਂ ਰੱਖੀਆਂ ਜਾਂਦੀਆਂ ਹਨ। ਟੀ. ਵੀ. ਪਹਿਲਾਂ ਵਾਂਗ ਹੀ ਨਾਚ ਦਿਖਾਉਣ 'ਚ ਮਸਤ ਰਹਿੰਦਾ ਹੈ। ਨਾ ਕੋਈ ਰਾਸ਼ਟਰੀ ਸ਼ੋਕ ਮਨਾਇਆ ਜਾਂਦਾ ਹੈ ਨਾ ਹੀ ਕੋਈ ਝੰਡਾ ਝੁਕਾਉਣ ਨਾ ਹੀ ਕੋਈ ਅਦਾਰੇ ਬੰਦ ਕਰਨ ਦਾ ਹੁਕਮ ਦਿਤਾ ਜਾਂਦਾ ਹੈ। ਹੈ ਨਾ! ਕਿੰਨਾ 'ਫਰਕ' ਆਮ ਲੋਕਾਂ ਤੇ ਖਾਸ ਲੋਕਾਂ ਦੀ ਮੌਤ ਦੇ ਸੋਗ 'ਚ ?

ਪਾਸ਼ ਦੀ ਯਾਦ ਵਿਚ

## ਖੇਤਾਂ ਦਾ ਪੁੱਤ ਮਰਿਆ ਨਹੀਂ

ਨਰਬਿੰਦਰ

ਕੱਲ ਮੇਰੇ ਖੇਤਾਂ ਦੇ ਪੁੱਤ ਨੂੰ
ਹਤਿਆਰਿਆਂ ਨੇ
ਖੇਤਾਂ 'ਚ ਸੁਆ ਦਿਤਾ ਏ।
... ... ...
ਖੇਤ ਉਦਾਸ ਨਹੀਂ ਹੋਏ
ਮਿੱਟੀ 'ਚ ਜਜ਼ਬ ਹੋਇਆ ਲਹੂ
ਬਾਹਾਂ ਬਣ ਕੇ ਉੱਗਿਆ ਏ
ਕਲਮਾਂ ਬਣ ਕੇ ਫੁੱਟਿਆ ਏ
ਵੰਗਾਰ ਰਿਹਾ ਏ ਕਾਲੇ ਸਮੇਂ ਨੂੰ
ਇਤਿਹਾਸ ਦਾ ਪਹੀਆ ਪੁੱਠਾ ਨਹੀਂ ਗਿੜ ਸਕਦਾ
ਕੋਈ ਪੁੱਠਾ ਨਹੀਂ ਗੇੜ ਸਕਦਾ

o

## ਉਹ ਕਦ ਟਿਕ ਕੇ ਬੈਠਣਗੇ

ਨਵਕਿਰਨ

—ਜਿੰਨਾਂ ਦੀ ਹਿੱਕ 'ਚ ਅਰਮਾਨ ਮੱਚਲਦੇ ਨੇ
ਸ਼ੂਕਰੇ ਤੂਫ਼ਾਨਾਂ ਦੀ ਹੈਂਕੜ ਭੰਨਣ ਦੇ
ਜਿੰਨ੍ਹਾਂ ਦੇ ਪੈਰ ਸਦਾ ਉਤਾਵਲੇ
ਬਿੱਫਰੇ ਹੋਏ ਪਰਬਤਾਂ ਦੀ ਹਿੱਕ 'ਤੇ ਪੈੜਾਂ ਕਰਨ ਲਈ
ਜਿਹੜੇ ਅੱਥਰੇ ਘੋੜਿਆਂ ਦੇ ਸ਼ਾਹ—ਅਸਵਾਰ
ਜਿਹੜੇ ਚਾਂਭਲੀ ਪੌਣ ਨੂੰ ਨਗਾਰੇ ਦੀ ਧਮਕ
'ਚ ਬਦਲਣ ਜਾਣਦੇ
ਜਿੰਨ੍ਹਾਂ ਦੀ ਅੱਖ ਨਾ ਸੁਰਮਾਂ ਝੱਲਦੀ
ਜਿੰਨ੍ਹਾਂ ਦੀਆਂ ਵਿਰਲੇ ਲਾਲ ਡੋਰੇ
ਲਹੂ ਦੀ ਤਿਹਾਈ ਚੰਡੀ ਵੇਖ ਉਗੜਦੇ
ਜਿਹੜੇ ਮਲਾਹਾਂ ਦੀ ਹੇਕ 'ਤੇ ਬੇੜੀਆਂ ਭੰਵਰਾਂ ਨੂੰ ਠੇਲ ਦੇਣ
ਜਿਹੜੇ ਸਾਗਰਾਂ ਦੀ ਹਿੱਕ ਚੀਰ
'ਸਰਘੀ' ਨੂੰ ਪਰਨਾਣ ਜਾਣਦੇ
—ਉਹ ਕਦ ਟਿਕ ਕੇ ਬੈਠਣਗੇ ਹੁਣ...!
ਭਲਾ ! ਕਦ ਟਿਕ ਕੇ ਬੈਠਣਗੇ...ਉਹ...!
ਜਿਨ੍ਹਾਂ ਮਾਂ ਦੇ ਦੁੱਧ ਨੂੰ ਲਾਜ ਨਹੀਂ ਲੱਗਣ ਦਿੱਤੀ
ਉਹ ਕਦ ਸਹਾਰਨਗੇ ਅੱਖਾਂ ਸਾਹਵੇਂ
ਭੋਲੀ ਭੈਣ ਦੇ ਟੁੱਟਦੇ ਲਾਲ ਚੂੜੇ ਦੀਆਂ ਕਿਰਚਾਂ !
ਉਹ ਕਦ ਝੱਲਣਗੇ ਮੁੱਛਾਂ ਨੂੰ ਮਰੋੜੇ ਚੜ੍ਹਦੇ !!
ਉਹ ਸਤਲੁਜ 'ਚ ਰਲਦੇ ਲਹੂ ਨੂੰ
ਕਿੰਝ ਅੱਖਾਂ ਭਰਕੇ ਤੱਕਣਗੇ
ਉਹ ਕਿੰਝ ਕੁਰਲਾਉਂਦੀ ਪੌਣ ਨੂੰ ਠੱਲ੍ਹਕੇ
"ਮੋਏ ਮਿੱਤਰਾਂ ਦੇ ਪਿੰਡ ਦਾ ਹਾਲ ਪੁੱਛਣਗੇ ?"
ਜਿੰਨ੍ਹਾਂ ਜੰਮਦਿਆਂ ਹੀ 'ਸਫ਼ਰ' ਨੂੰ ਸਾਥੀ ਬਣਾਇਆ
ਜਿਹੜੇ ਜੁਗਨੂੰਆਂ ਦੀ ਭਾਲ 'ਚ ਬੌਰੇ ਹੋਏ ਫਿਰਦੇ
ਜਿਹੜੇ ਭੁੱਖੇ ਢਿੱਡੀਂ ਤੇ ਖਿੰਡਿਆਂ ਅੰਗਾਂ ਨਾਲ
ਸੂਲੀਆਂ ਤੇ ਲੀਕ ਪਾ ਜਾਵਣ
ਉਹ ਕਦ ਝੱਲਣਗੇ ਪਿੰਡ ਦੇ 'ਲੁੱਚੇ ਚੌਧਰੀਆਂ'
'ਤੇ ਗੁੰਡੀ ਰੰਨ ਪ੍ਰਧਾਨ' ਵਲੋਂ ਸਿੱਟੇ ਗਏ ਲੱਛੇਦਾਰ ਭਾਸ਼ਨ
ਇਕ ਬੇਗੁਨਾਹ ਬੇਕਸੂਰ ਦੀ ਮੌਤ 'ਤੇ !
—ਉਹ ਜਿਹੜੇ 'ਮਾਛੀਵਾੜੇ' ਦੀ ਮਿੱਠੀ-ਨੇ-ਚੁੰਮ ਕੇ
ਤੁਹਾਡੀ ਸ਼ਾਹ-ਰਗ ਨੂੰ ਹੱਥ ਪਾਉਣ ਜਾਣਦੇ ਹਨ
ਕੀ ਉਹ ਇਹ ਨਹੀਂ ਜਾਣਦੇ ਕਿ ਤੁਹਾਡੇ ਨਿੱਤ ਵਾਪਰਦੇ
ਨਾਟਕ ਦੇ
ਆਖ਼ਰੀ ਬਾਬ ਦਾ ਅੰਤ ਕੀ ਹੋਣਾ ਹੈ !!
ਉਹ ਕਦ ਟਿਕ ਕੇ ਬੈਠਣਗੇ...!
ਕਦ ਟਿਕ ਕੇ ਬੈਠਣਗੇ ਉਹ...!!
ਉਹ...??
ਨਜ਼ਮ

o

## ਤੇਰੇ ਜਾਣ ਤੋਂ ਬਾਅਦ

—ਬਲਬੀਰ ਪਰਵਾਨਾ

ਬਾਈ ਪਾਸ਼ ! ਤੇਰੀ ਖਬਰ ਦਿਲ ਨੂੰ ਕਿਰਚ ਵਾਂਗ ਚੁਭੀ ਹੈ
ਹੰਝੂਆਂ ਨਾਲ ਚਿਹਰਾ ਵੀ ਭਿਜ ਗਿਆ
ਪਰ ਉਦਾਸ ਨਹੀਂ ਹੋਇਆ ਹਾਂ

ਯਾਰ, ਜੰਗ ਦਾ ਇਹ ਅਸੂਲ ਹੁੰਦਾ
ਕਿ ਜਦੋਂ ਕੋਈ ਜਰਨੈਲ ਮੈਦਾਨ 'ਚ ਕੰਮ ਆ ਜਾਏ
ਤਾਂ ਉਦਾਸ ਨਹੀਂ ਹੋਈਦਾ
ਨਾਂ ਭਰੀਦੀਆਂ ਹਨ ਡੂੰਘੀਆਂ ਗ਼ਮਗੀਨ ਆਹਾਂ
ਭਰ ਦੇਈਦੀ ਹੈ ਉਹਦੀ ਥਾਂ
ਉਸ ਤੋਂ ਹੇਠਲੇ ਰੈਂਕ ਦੇ ਫੀਤੀਆਂ ਲਾ
—ਤੂੰ ਸਾਡਾ ਜਰਨੈਲ ਸੈਂ
ਤੇਰੇ ਲਫ਼ਜ਼ ਸਾਡੇ ਲਹੂ ਨੂੰ ਸੁਲਗਣ ਲਾ ਦੇਂਦੇ ਸਨ
ਉਹਨਾਂ 'ਚ ਹੁੰਦੀ ਸੀ ਗਲ ਸਾਡੇ
ਸਿਰਾਂ 'ਤੇ ਮੰਡਰਾਉਂਦੀ ਗੁਰਬਤ ਦੀ
ਕੰਮੀਆਂ ਦੇ ਵਿਹੜਿਆਂ ਦੀ
ਕੱਚੇ ਕੋਠਿਆਂ ਦੀ
ਸੱਪਾਂ ਦੀਆਂ ਸਿਰੀਆਂ ਮਿਧਕੇ ਫ਼ਸਲਾਂ ਉਗਾਉਂਦੇ ਕਿਸਾਨ
ਵਿਆਹੀਆਂ ਨਾ ਜਾ ਸਕਣ 'ਤੇ ਉਸਦੀਆਂ ਧੀਆਂ
ਤੇ ਦਿਓ-ਕਦ ਕਾਰਖਾਨਿਆਂ 'ਚ
ਆਪਣਾ ਲਹੂ ਪਸੀਨਾ ਸਾੜਦੇ ਮਜ਼ਦੂਰਾਂ ਦੀ ਗਲ ਵੀ

ਬਾਈ ਪਾਸ਼ ! ਸਾਨੂੰ ਮਾਣ ਹੈ

ਕਿ ਤੂੰ ਜੋ ਕੁਝ ਲਿਖਿਆ
ਅੱਖਰ ਅੱਖਰ ਪੂਰਾ ਕਰ ਦਿਖਾਇਆ
ਅਸੀਂ ਮਾਣ ਨਾਲ ਕਹਿ ਸਕਦੇ ਹਾਂ
'ਇਹੋ ਜਹੇ ਹੁੰਦੇ ਸੁਨ ਸਾਡੇ ਜਰਨੈਲ !'

ਤੂੰ ਅੱਡੀਆਂ ਰਗੜ ਰਗੜ ਨਹੀਂ ਮਰਿਆ
ਕਿਸੇ ਘਾਤਕ ਬਿਮਾਰੀ ਦੇ ਨਾਲ
ਨਾ ਕਿਸੇ ਹਾਦਸੇ 'ਚ
ਜੇ ਤੂੰ ਇੰਜ ਮਰਦਾ ਸਾਨੂੰ ਸਚਮੁੱਚ ਈ ਅਫ਼ਸੋਸ ਹੋਣਾ ਸੀ

ਬਾਈ ਪਾਸ਼ ! ਤੂੰ ਭਾਵੇਂ ਨਹੀਂ ਰਿਹਾ
ਪਰ ਤੇਰੇ ਸ਼ਬਦ ਸਾਡੇ ਵਿੱਚ ਹਨ
ਤੇ ਉਹ ਵੇਖਣਗੇ
ਕਿ ਅਸੀਂ ਜਿੰਨ੍ਹਾਂ ਨੇ ਤੇਰੀ ਥਾਂ ਲਈ ਹੈ
ਤੈਨੂੰ ਨੀਵਾਂ ਨਹੀਂ ਹੋਣ ਦਿੱਤਾ

ਹਾਂ, ਬਾਈ ਪਾਸ਼ !
ਤੇਰੀ ਖਬਰ ਦਿਲ ਨੂੰ ਕਿਰਚ ਵਾਂਗ ਚੁਭੀ ਹੈ
ਹੰਝੂਆਂ ਨਾਲ ਚਿਹਰਾ ਵੀ ਭਿਜ ਗਿਆ
ਪਰ ਉਦਾਸ ਨਹੀਂ ਹੋਇਆ ਹਾਂ

o

## ਗ਼ਜ਼ਲ

ਕਵਿਤਾ ਦੇ ਆਕਾਸ਼ 'ਚੋਂ ਇੱਕ ਹੋਰ ਸਿਤਾਰਾ ਤੁਰ ਗਿਆ ।
ਲੋਕਤਾ ਦਾ ਹਾਮੀ ਸੀ ਉਹ ਚਾਨਣ-ਮੁਨਾਰਾ ਤੁਰ ਗਿਆ ।

ਕਲਮ ਨੂੰ ਹਥਿਆਰ ਬਣਾ ਜੋ ਲੜਦਾ ਰਿਹੈ ਲੋਕਾਂ ਲਈ,
ਹੱਕ ਸੱਚ ਦੀ ਅਵਾਜ਼ ਦਾ ਉਹ ਨਗਾਰਾ ਤੁਰ ਗਿਆ ।

ਉਦਾਸ ਰੁੱਖ ਨਾ ਗਾਉਂਦੇ ਪੰਛੀ ਕਵਿਤਾ ਹੋ ਗਈ ਉਦਾਸ,
ਯਾਰਾਂ ਦਾ ਜਦੋਂ ਯਾਰ ਪਿਆਰਾ ਤੁਰ ਗਿਆ ।

ਝੇਲਾਂ, ਤਸੀਹੇ ਹੱਸ ਹੱਸ ਕੇ ਸਹਿੰਦਾ ਰਿਹਾ ਸੀ ਜੋ,
'ਹਾਕ' 'ਰਹੋਲੇ ਬਾਣ' ਤੇ 'ਸਿਆੜ' ਦਾ ਕਿਆਰਾ ਤੁਰ ਗਿਆ ।

ਕੌਣ ਲਿਖੂਗਾ 'ਲੋਹ-ਕਥਾ' ਉਡੂਗਾ ਕੌਣ ਬਾਜ਼ਾਂ ਮਗਰ,
'ਸਾਡੇ ਸਮਿਆਂ 'ਚ' ਉਗਿਆ ਫੁੱਲ ਨਿਆਰਾ ਤੁਰ ਗਿਆ ।

ਰੋਂਦੇ ਨੇ ਯਾਰ ਤਿਰੇ ਵਰਲਾਪ ਕਰ ਰਹੇ ਨੇ ਰਿਸ਼ਤੇਦਾਰ,
ਮਾ ਬਾਪ ਪਤਨੀ ਤੇ ਬੱਚੀ ਦਾ ਸਹਾਰਾ ਤੁਰ ਗਿਆ ।

ਇਤਿਹਾਸ ਦੇ ਪੰਨਿਆਂ 'ਤੇ ਸਦਾ ਨਾਂ ਰਹੂ 'ਪਾਸ਼' ਤਿਰਾ,
ਰੋਂਦੀ ਕੁਰਲਾਉਂਦੀ ਕਹਿੰਦੀ ਕਵਿਤਾ ਐਂਵੇਂ ਵਿਚਾਰਾ ਤੁਰ ਗਿਆ ।

ਵੇਖ ਲਵਾਂਗੇ ਜ਼ੋਰ ਤਿਰਾ ਜ਼ਾਲਮਾ ਆਉਣਗੇ ਸਾਡੇ ਵੀ ਦਿਨ,
ਕੀ ਹੋਇਆ ਜੇ ਕਾਫ਼ਲੇ 'ਚੋਂ ਇੱਕ ਪਿਆਰਾ ਤੁਰ ਗਿਆ ।

o

## ਪਾਸ਼ 'ਐਂਟੀ ਫੋਰਟੀ ਸੈਵਨ' ਨੂੰ ਸਮਰਪਿਤ

ਕੁਲਵੰਤ ਰਿਖੀ

ਓਦਣ ਵੀ ਤੇਈ ਮਾਰਚ ਸੀ
ਅੱਜ ਵੀ ਤੇਈ ਮਾਰਚ ਹੈ
'ਕੱਤੀ' ਦੀ ਤੇਈ ਮਾਰਚ ਨੂੰ
ਇੱਕ 'ਭਗਤ' ਦੇਸ਼ ਲਈ ਮਰਿਆ ਸੀ
ਅੱਧੀ ਕੁ ਸਦੀ ਪਿੱਛੋਂ ਅੱਜ
'ਪਾਸ਼' ਨਾਂ ਦੇ ਇੱਕ ਹੋਰ 'ਭਗਤ' ਨੇ
ਉਹ ਗਾਥਾ ਫਿਰ ਦੁਹਰਾਈ ਹੈ
ਇਕ ਨੂੰ ਤਾਂ ਫਾਂਸੀ ਚਾੜ੍ਹਿਆ ਸੀ
ਗੋਲੀ ਨਾਲ ਵਿੰਨਿਆ ਗਿਆ ਦੂਜਾ
ਪਹਿਲੇ ਦਾ ਕਾਤਲ ਵਿਦੇਸ਼ੀ ਸੀ
ਤੇ ਹੁਣ ਵਾਲੇ ਦਾ ਦੇਸੀ ਹੈ
ਦੋਹਾਂ ਵਿਚ ਬਹੁਤਾ ਫਰਕ ਨਹੀਂ
ਕਿਉਂ ਜੋ ਨਸਲ ਤਾਂ ਔਰੰਗਜ਼ੇਬੀ ਹੈ
ਉਏ ਕਾਤਲੋ ! ਉਏ ਕਾਲਖ ਵੰਡਣ ਵਾਲਿਓ !!
ਉਏ ਕਾਤਲੋ ! ਕਲਮਾਂ 'ਤੇ ਝਪਟਣ ਵਾਲਿਓ !!
ਵੱਢਿਆਂ ਨਾ ਮੁੱਕਣ ਕਲਮਾਂ
ਭਰਮ ਨਾ ਇਹ ਪਾਲਿਓ !
ਅਸੀਂ ਗੁਲਾਬ ਦੀ ਨਸਲ 'ਚੋਂ ਹਾਂ
ਵੱਢਿਆਂ ਜੋ ਦੂਣੇ ਫੈਲਦੇ
ਅਸੀਂ ਨਿੱਤ ਕੰਡਿਆਂ ਵਿਚ ਹੱਸਦੇ
ਤੇਰੀ ਦਾਤੀ ਨੂੰ ਨਾ ਗੌਲਦੇ
ਉਸੇ ਗੋਬਿੰਦ ਦੇ ਵਾਰਸ ਹਾਂ ਅਸੀਂ
ਤੇਰੇ ਔਰੰਗੇ ਨੂੰ ਜੋ
'ਜ਼ਫ਼ਰਨਾਮੇ' ਵਾਲੀ ਕਲਮ ਨਾਲ
ਮਾਰਨ ਦੀ ਤਾਕਤ ਰੱਖਦਾ
ਸਾਰਾ ਪਰਿਵਾਰ ਵਾਰ ਕੇ
ਉਹ ਇਹੋ ਹੀ ਹੈ ਦਸਦਾ
'ਸੱਚ ਕਦੇ ਮਰਦਾ ਨਹੀਂ'
ਅਸੀਂ ਉਸੇ ਗੋਬਿੰਦ ਦੇ ਵਾਰਸ ਹਾਂ

o

23 ਮਾਰਚ 1988

## ਗ਼ਜ਼ਲ

ਮੋਹਣ ਮਤਿਆਲਵੀ

ਸ਼ਾਇਰ ਹੋਣਾ ਹੈ ਗੁਨਾਹ ਹੋਇਆ ।
ਦਿਨ-ਦੀਵੀ ਸੱਚ ਜ਼ਿਬਾਹ ਹੋਇਆ ।

'ਲੋਹ-ਕਥਾ' ਕਹਿੰਦਾ ਸੀ ਜੋ,
ਉਹ ਲੋਅ-ਪੁਰਸ਼ ਫਨਾਹ ਹੋਇਆ ।

ਇਤਫਾਕ ! ਕਿ ਖੇਤਾਂ 'ਚ ਖੇਤ੍ਹਾਂ ਦਾ ਪੁੱਤਰ,
'ਸਿਆੜ' ਕੱਢਦਾ ਹੈ ਤਬਾਹ ਹੋਇਆ ।

ਸਾਡੇ ਸਮਿਆਂ ਦਾ ਸ਼ੋਖ ਸੂਰਜ,
ਕਾਲੇ ਸਮਿਆਂ 'ਚ ਸਿਆਹ ਹੋਇਆ ।

"ਪੂਰ ਡੁੱਬੇ ਕੇ ਬੇੜੀ ਬਚ ਵੇ,
ਕਿੱਡਾ ਸਿਆਣਾ ਮਲਾਹ ਹੋਇਆ ।"

'ਦੇਸ਼-ਭਗਤਾਂ ਦੀ ਅਦਾਲਤ 'ਚ,
ਕਾਤਲ ਦਾ ਮੁਨਸਿਫ ਗਵਾਹ ਹੋਇਆ ।

ਕਾਵਾਂ ਕਿੱਥੇ ਸੁਨੇਹੇ ਨੇ ਦੇਣੇ,
ਹਰ ਘਰ ਮਕਤਲਗਾਹ ਹੋਇਆ ।

ਉੱਡਣ ਚੁਫੇਰੇ 'ਉਕਾਬ' 'ਤੇ 'ਸ਼ਿਕਰੇ',
ਚਿੜੀਆਂ ਦਾ ਚੈਨ ਤੱਬਾਹ ਹੋਇਆ ।

'ਕਾਤਲ' ਨੇ ਉਸਨੂੰ ਕੀ ਮਾਰਨਾ ਹੈ ?
ਮੌਤ ਸੰਗ ਜਿਸਦਾ ਨਿਕਾਹ ਹੋਇਆ ।

---

ਵਿਚਾਰ ਚਰਚਾ

## 'ਬਦਲ' ਬਾਰੇ ਬਦਲਵੀਂ ਸੋਚ

**—ਵਿਨੋਦ ਮਿਸ਼ਰਾ**

ਜਨਰਲ ਸਕੱਤਰ ਸੀ. ਪੀ. ਆਈ. (ਮ, ਲ.) (ਲਿਬਰੇਸ਼ਨ)

"ਮਾਰਕਸਵਾਦ ਉਸੇ ਵਰਗ ਸੰਘਰਸ਼ ਨੂੰ ਪੂਰੀ ਤਰ੍ਹਾਂ ਵਿਕਸਤ ਮੰਨਦਾ ਹੈ ਜੋ ਨਾਂ ਕੇਵਲ ਰਾਜਨੀਤੀ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ ਸਗੋਂ ਰਾਜਨੀਤੀ ਵਿਚ ਸਭ ਤੋਂ ਮਹੱਤਵ ਪੂਰਣ ਚੀਜ਼ ਭਾਵ ਰਾਜ ਸਤਾ ਦੀ ਜਥੇਬੰਦੀ ਨੂੰ ਵੀ ਗ੍ਰਹਿਣ ਕਰਦਾ ਹੈ ।"

—ਲੈਨਿਨ

ਰਾਸ਼ਟਰੀ ਬਦਲ ਦੀਆਂ ਵੱਖ ਵੱਖ ਧਾਰਨਾਵਾਂ ਦੇ ਵਿੱਚ ਭਾਰਤ ਵਿਚ ਚੱਲ ਰਹੇ ਤਿੱਖੇ ਵਾਦ-ਵਿਵਾਦ ਦੇ ਵਿਚ ਸਾਡੀ ਪਾਰਟੀ ਸੀ. ਪੀ. ਆਈ. (ਮ, ਲ.) ਨੇ 80 ਦੇ ਦਹਾਕੇ ਦੀ ਸ਼ੁਰੂਆਤ ਵਿੱਚ ਇਨਕਲਾਬੀ ਜਮਹੂਰੀਅਤ ਦਾ ਨਾਅਰਾ ਪੇਸ਼ ਕੀਤਾ ਅਤੇ ਉਸਨੂੰ ਸਾਕਾਰ ਕਰਨ ਦੇ ਪਹਿਲੇ ਪੜਾਅ ਦੇ ਤੌਰ ਤੇ ਇਕ ਜਨਤਕ ਸਿਆਸੀ ਜਥੇਬੰਦੀ ਦੀ ਉਸਾਰੀ ਵਿਚ ਪਹਿਲ ਕੀਤੀ। ਇਨਕਲਾਬੀ—ਜਮਹੂਰੀ ਬਦਲ ਦਾ ਸਾਡਾ ਨਾਅਰਾ ਬੁਰਜੂਆ ਵਿਰੋਧੀ ਧਿਰ ਦੁਆਰਾ ਦਿੱਤਾ 'ਉਦਾਰਵਾਦੀ ਜਮਹੂਰੀ ਬਦਲ' ਅਤੇ ਮੌਕਾ ਪ੍ਰਸਤ ਕਮਿਊਨਿਸਟਾਂ ਦੇ ਉਦਾਰਵਾਦੀ 'ਖੱਬੇ ਪੱਖੀ ਬਦਲ' ਦੇ ਨਾਅਰਿਆਂ ਤੋਂ ਪੂਰਣ ਤੌਰ ਤੇ ਵੱਖ ਹੈ । ਮੌਕਾਪ੍ਰਸਤ ਕਮਿਊਨਿਸਟਾਂ ਦੇ ਪਾਰਲੀਮਾਨੀ ਜਮਹੂਰੀਅਤ ਨੂੰ ਹੋਰ ਵਿਆਪਕ ਅਤੇ ਡੂੰਘਾ ਬਨਾਉਣ ਦੇ ਸੀਮਤ ਰਾਜਨੀਤਕ ਉਦੇਸ਼ ਦੇ ਬਿਲਕੁਲ ਉਲਟ ਸਾਡਾ ਨਾਅਰਾ ਨਿਰੰਕੁਸ਼ ਸਤਾ ਦੇ ਮੁਕੰਮਲ ਜਮਹੂਰੀਕਰਣ ਦੇ ਇਨਕਲਾਬੀ ਕਮਿਊਨਿਸਟਾਂ ਦੇ ਰਾਜਨੀਤਕ ਉਦੇਸ਼ ਨੂੰ ਉਜਾਗਰ ਕਰਦਾ ਹੈ। ਇਸ ਲਈ ਜਨਤਕ ਘੋਲਾਂ ਨੂੰ ਪਾਰਲੀਮਾਨੀ ਜਮਹੂਰੀਅਤ ਦੀਆਂ ਸੀਮਾਵਾਂ ਤੋਂ ਬਾਹਰ ਫੈਲਾ ਦੇਣ ਦੀ ਕੋਸ਼ਿਸ਼ ਕਰਦਾ ਹੈ । ਭਾਰਤ ਵਿੱਚ ਵਿਆਪਕ ਜਨਤਾ ਦੇ ਲਈ ਸੁਧਾਰ ਦੀਆਂ ਸੀਮਾਵਾਂ ਕਾਫੀ ਤੰਗ ਹੋ ਗਈਆਂ ਹਨ ਅਤੇ ਇਸੇ ਲਈ ਜਮਹੂਰੀ ਇਨਕਲਾਬ ਲਈ ਪਹਿਲਾਂ ਸਿਖਿਅਤ ਕਰਨਾ ਹੀ ਕਮਿਊਨਿਸਟਾਂ ਦਾ ਪ੍ਰਮੁੱਖ ਫਰਜ਼ ਹੈ।

• ਭਾਰਤੀ ਬੁਰਜੂਆ ਜਮਾਤ 'ਰਾਸ਼ਟਰੀ ਏਕਤਾ' ਦੇ ਨਾਅਰੇ ਨੂੰ ਸਭ ਤੋਂ ਵੱਧ ਮਹੱਤਵ ਨਾਲ ਉਛਾਲਦੀ ਹੈ, ਕਿਸੇ ਵੀ ਖੱਬੇ ਪੱਖੀ ਬਦਲ ਦੀ ਧਾਰਨਾ ਨੂੰ ਇਸ ਮੁੱਦੇ ਉੱਤੇ ਆਪਣੀ ਰਾਇ ਸਾਫ ਕਰਨੀ ਹੀ ਹੋਵੇਗੀ ।

ਰਾਸ਼ਟਰੀ ਏਕਤਾ ਦੇ ਸਵਾਲ ਦੇ ਦੋ ਪਹਿਲੂ ਹਨ । ਇੱਕ ਤਾਂ ਸਾਮਰਾਜਵਾਦੀ ਸ਼ਕਤੀਆਂ ਭਾਰਤ ਨੂੰ ਕਮਜ਼ੋਰ ਕਰਨ ਲਈ ਭੰਨ ਤੋੜ ਵਾਦੀ ਤਾਕਤਾਂ ਨੂੰ ਮਦਦ ਪਹੁੰਚਾ ਸਕਦੀਆਂ ਹਨ । ਇਸ ਸਾਜਿਸ਼ ਦੇ ਖਿਲਾਫ ਸੰਘਰਸ਼ ਵਿੱਚ ਭਾਰਤ ਦੀਆਂ ਸਾਰੀਆਂ ਕੌਮੀਅਤਾਂ ਅਤੇ ਕੌਮੀ ਘੱਟ ਗਿਣਤੀਆਂ ਦੀ ਏਕਤਾ ਜ਼ਰੂਰੀ ਬਣ ਜਾਂਦੀ ਹੈ । ਇਹ ਏਕਤਾ ਸਾਰੀਆਂ ਕੌਮੀਅਤਾਂ ਅਤੇ ਕੌਮੀ ਘਟ ਗਿਣਤੀਆਂ ਨੂੰ ਆਤਮ-ਨਿਰਣੇ ਦਾ ਅਧਿਕਾਰ ਦੇਣ ਨਾਲ ਹੀ ਬਣ ਸਕਦੀ ਹੈ । ਕਿਸੇ ਇੱਕ ਭਾਸ਼ਾ, ਇਕ ਧਰਮ ਜਾਂ ਇਕ ਖੇਤਰ ਦਾ ਦਾਬਾ ਜੇਕਰ ਭਾਸ਼ਵਾਂ, ਖੇਤਰਾਂ ਉੱਤੇ ਲੱਦਣ ਦੀ ਕੋਸ਼ਿਸ਼ ਹੋਵੇਗੀ ਤਾਂ ਕੌਮੀ ਏਕਤਾ ਲਾਜ਼ਮੀ ਟੁੱਟੇਗੀ । ਭਾਰਤੀ ਹੁਕਮਰਾਨ ਜਮਾਤ ਰਾਸ਼ਟਰੀ ਏਕਤਾ ਦੇ ਨਾਂ ਤੇ ਅੰਨੇ ਕੌਮ ਵਾਦ ਦਾ ਹਊਆ ਖੜਾ ਕਰ ਕੇ ਅਤੇ ਹਰ ਕਿਸੇ ਵਿਰੋਧੀ ਤਾਕਤ ਨੂੰ 'ਦੇਸ਼ ਧਰੋਹੀ'

ਦਾ ਫਤਵਾ ਦੇ ਕੇ ਨਿਆਂ ਪੂਰਨ ਇਛਾਵਾਂ ਦਾ ਦਮਨ ਕਰਦਾ ਹੈ। ਦੂਜਾ ਇਹ ਕਿ ਸ਼ਾਸਕ ਵਰਗ ਕੇਂਦਰੀ ਕਰਣ ਵਧਾਉਂਦਾ, ਜਾਂਦਾ ਹੈ, ਅਤੇ ਜਮਹੂਰੀ ਕਰਣ ਦੇ ਉਲਟ ਨਿਰਕੁੰਸ਼ਤਾ ਵਧਦੀ ਜਾਂਦੀ ਹੈ।

ਇਹਨਾਂ ਕਾਰਨਾਂ ਤੋਂ ਸਪਸ਼ਟ ਹੈ ਕਿ 'ਕੌਮੀ ਏਕਤਾ' ਦਾ ਨਾਅਰਾ ਭਾਰਤ ਵਿੱਚ ਜਮਹੂਰੀ ਕਰਣ ਦੇ ਉਲਟ ਨਿਰੰਕੁਸ਼ਤਾ ਨੂੰ ਵਧਾਉਂਦਾ ਹੈ, ਇਸਦਾ ਪਰਦਾ–ਫਾਸ਼ ਕਰਨਾ ਕਮਿਊਨਿਸਟਾਂ ਲਈ ਖਾਸ ਤੌਰ ਤੇ ਜ਼ਰੂਰੀ ਹੈ। ਲੇਕਿਨ ਅਸੀਂ ਦੇਖਦੇ ਹਾਂ ਕਿ ਸੀ. ਪੀ. ਐਮ. ਦਾ ਪੇਸ਼ ਕੀਤਾ 'ਖੱਬਾ ਜਮਹੂਰੀ ਬਦਲ' ਹੁਕਮਰਾਨ ਜਮਾਤ ਦੇ ਇਸ ਮਕਸਦ ਦਾ ਪਰਦਾ–ਫਾਸ਼ ਕਰਨ ਦੀ ਬਜਾਏ, 'ਕੌਮੀ ਏਕਤਾ' ਦੇ ਸਵਾਲ 'ਤੇ ਹੁਕਮਰਾਨ ਜਮਾਤ ਤੋਂ ਵੀ ਅਗੇ ਨਿਕਲ ਜਾਣ ਦੀ ਕੋਸ਼ਿਸ਼ ਕਰਦਾ ਹੈ। ਨਤੀਜੇ ਵਜੋਂ ਉਹ ਆਪਣੇ ਆਪ ਨੂੰ ਕੌਮੀਅਤਾਂ ਅਤੇ ਕੌਮੀ ਘੱਟ ਗਿਣਤੀਆਂ ਦੇ ਖਿਲਾਫ ਖੜਾ ਕਰ ਦੇਂਦਾ ਹੈ। ਮਸਲਾ ਭਾਵੇਂ ਅਸਾਮ ਦਾ ਹੋਵੇ ਜਾਂ ਪੰਜਾਬ ਦਾ ਜਾਂ ਫਿਰ ਝਾਰ ਖੰਡ ਦਾ ਹੋਵੇ ਜਾਂ ਗੋਰਖਾਲੈਂਡ ਦਾ ਇਨ੍ਹਾਂ ਸਾਰੇ ਮਾਮਲਿਆਂ ਵਿਚ ਸੀ. ਪੀ. ਐਮ. ਆਪਣੇ ਆਪ ਨੂੰ ਕਾਂਗਰਸ ਦਾ ਸਹਿਯੋਗੀ ਬਣਾ ਲੈਂਦੀ ਹੈ। ਇਹ ਤਾਂ ਸੀ. ਪੀ. ਐਮ. ਦੇ ਵਿਕਾਸ ਦਾ ਦੁਖਾਂਤ ਹੀ ਕਹਾਏਗਾ ਕਿ ਕੱਲ ਤੱਕ ਤ੍ਰਿਪੁਰਾ ਦੇ ਆਦਿਵਾਸੀਆਂ ਤੇ ਬੰਗਾਲ ਦੇ ਗੋਰਖਾ ਹਿੱਤਾਂ ਦੀ ਪ੍ਰਤੀਨਿਧਤਾ ਕਰਨ ਵਾਲੀ ਪਾਰਟੀ ਨੂੰ ਰਾਜਸਤਾ ਦੇ ਨਿਰੰਕੁਸ਼ ਹਥਿਆਰਾਂ ਰਾਹੀਂ ਇਨ੍ਹਾਂ ਲੋਕਾਂ ਉੱਤੇ ਦਮਨ ਢਾਹੁਣਾ ਪਿਆ।

'ਕੇਂਦਰੀਕਰਣ' ਦੇ ਸਵਾਲ ਨੂੰ 'ਰਾਸ਼ਟਰੀ ਏਕਤਾ' ਦੀ ਆੜ ਵਿਚ 'ਰਾਜਸਤਾ ਦੀ ਵਧਦੀ ਨਿਰੰਕੁਸ਼ਤਾ' ਦੇ ਠੋਸ ਸੰਦਰਭ ਵਿਚ ਦੇਖਣ ਦੀ ਵਜਾਏ ਸੀ. ਪੀ. ਐਮ ਇਸਨੂੰ ਕੇਂਦਰ ਅਤੇ ਰਾਜ ਸਰਕਾਰਾਂ ਵਿਚ ਅਧਿਕਾਰਾ ਦੇ ਬਟਵਾਰੇ ਦੇ ਤੰਗ ਅਰਥਾਂ ਦੇ ਸੰਦਰਭ ਵਿਚ ਸਮੇਟ ਦਿੰਦੀ ਹੈ ਅਤੇ ਉਦੋਂ ਅਜਿਹੀ ਸਥਿੱਤੀ ਵਿਚ ਜਦੋਂ ਕਿ ਸੀ. ਪੀ. ਐਮ ਦੋ ਜਾਂ ਤਿੰਨ ਰਾਜਾਂ ਵਿਚ ਸਰਕਾਰਾਂ ਚਲਾ ਰਹੀ ਹੈ, ਇਹੀ ਨਾਅਰਾ ਉਸਦਾ ਕੇਂਦਰੀ ਨਾਅਰਾ ਬਣ ਜਾਂਦਾ ਹੈ। 'ਖੱਬੇ, ਜਮਹੂਰੀ ਬਦਲ' ਦੀ ਪੂਰੀ ਧਾਰਨਾਂ ਇਸੇ ਨਾਅਰੇ ਦੇ ਆਲੇ ਦੁਆਲੇ ਘੁੰਮਣ ਲਗਦੀ ਹੈ। ਨਤੀਜੇ ਵਜੋਂ ਉਹ ਅਸਾਮ ਅੰਦੋਲਨ ਦਾ ਵਿਰੋਧ ਕਰਦੀ ਹੈ ਅਤੇ ਆਸਾਮ ਗਣ ਪ੍ਰੀਸ਼ਦ ਸਰਕਾਰ ਨਾਲ ਸਮਝੌਤਾ ਕਰਦੀ ਹੈ। ਦੇਸ਼ ਭਰ ਵਿਚ ਆਪਣੇ ਜਮਹੂਰੀਅਤ ਵਿਰੋਧੀ ਕਾਰਨਾਮਿਆਂ ਕਰਕੇ ਬਦਨਾਮ ਅਤੇ ਰੂੜੀਵਾਦੀ ਧਾਰਮਕ ਕਦਰਾਂ ਕੀਮਤਾਂ ਦੀ ਹਮਦਰਦ ਐਨ. ਟੀ. ਰਾਮਾ ਰਾਓ ਦੀ ਤੇਲਗੂ ਦੇਸਮ ਸਰਕਾਰ ਉਸਦੀ ਗਹਿਰੀ ਦੋਸਤ ਬਣ ਜਾਂਦੀ ਹੈ ਇਨ੍ਹਾਂ ਸਾਰੀਆਂ ਤਾਕਤਾਂ ਨੂੰ ਜਦੋਂ 'ਖੱਬੇ ਪੱਖੀ' ਜਾਂ 'ਜਮਹੂਰੀ' ਦਾ ਕੋਈ ਅਗਾਂਹ ਵਧੂ ਬਿੱਲਾ ਦੇਣਾ ਅਸੰਭਵ ਹੋ ਜਾਂਦਾ ਹੈ ਤਾਂ ਧਰਮ ਨਿਰਪੱਖਤਾ ਦਾ ਬਿੱਲਾ ਖੋਜ ਲਿਆ ਜਾਂਦਾ ਹੈ, ਅਤੇ ਬਦਲ ਦੀ ਪੂਰੀ ਧਾਰਨਾਂ ਨੂੰ ਜਮਾਤ ਅਤੇ ਰਾਜਨੀਤਕ ਵਿਚਾਰਧਾਰਾ ਤੋਂ ਨਿਰਪੱਖ ਇਕ 'ਧਰਮ ਨਿਰਪੱਖ ਮੋਰਚੇ' ਦਾ ਨਾਂ ਦਿੱਤਾ ਜਾਂਦਾ ਹੈ। ਦੂਜੇ ਪਾਸੇ ਸੀ. ਪੀ. ਐਮ. ਇਨਕਲਾਬੀ ਜਮਹੂਰੀਅਤ ਦੀਆਂ ਅਸਲੀ ਤਾਕਤਾਂ ਇਨਕਲਾਬੀ ਕਮਿਊਨਿਸਟਾਂ, ਕੌਮੀ ਘੱਟ ਗਿਣਤੀਆਂ ਦੇ ਅੰਦੋਲਨਾਂ ਨੂੰ ਆਪਣਾ ਦੁਸ਼ਮਣ ਕਰਾਰ ਦਿੰਦੀ ਹੈ ਇਸ ਤਰ੍ਹਾਂ ਸੀ. ਪੀ. ਐਮ. ਦੀ ਲੀਡਰਸ਼ਿਪ ਨੇ 'ਰਾਜਸੱਤਾ ਦੇ ਕੇਂਦਰੀਕਰਣ' ਨੂੰ ਸਰਕਾਰੀ ਸਮਰਥਾ ਦੇ ਪੁਨਰਗਠਨ ਦੇ ਸਮਾਜਕ ਜਮਹੂਰੀ ਨਾਅਰੇ ਵਿਚ ਤਬਦੀਲ ਕਰ ਦਿੱਤਾ ਹੈ।

ਇਹ ਸਵਾਲ ਸਾਨੂੰ 'ਖੱਬੇ ਪੱਖੀ ਸਰਕਾਰਾਂ' ਸਬੰਧੀ ਬਹਿਸ ਵਿੱਚ ਲੈ ਜਾਂਦਾ ਹੈ। ਕਿਸੇ ਇਨਕਲਾਬੀ ਜਨਤਕ ਉਭਾਰ ਦੀ ਗ਼ੈਰ ਮੌਜੂਦਗੀ ਵਿਚ ਇਹ ਸਰਕਾਰਾਂ ਵਿਰੋਧੀ ਧਿਰ ਦੀਆਂ ਆਮ ਸਰਕਾਰਾਂ ਵਰਗੀਆਂ ਬਣਕੇ ਰਹਿ ਗਈਆਂ ਹਨ। ਤ੍ਰਿਪੁਰਾ ਅਤੇ ਕੇਰਲ ਵਿਚ ਅਸੀਂ ਪਿਛਲੇ ਦਸ ਸਾਲਾਂ ਵਿਚ ਚੋਣਾਂ ਦੀ ਲੜਾਈ ਦੇ ਦਾਇਰੇ ਵਿਚ ਫੇਰ ਬਦਲ ਦੇਖ ਚੁੱਕੇ ਹਾਂ ਪੱਛਮੀ ਬੰਗਾਲ ਦੀ ਖੱਬੇ-ਪੱਖੀ ਸਰਕਾਰ ਲਾਜ਼ਮੀ ਹੀ ਲੰਬੇ ਸਮੇਂ ਤੋਂ ਟਿਕੀ ਹੋਈ ਹੈ ਅਤੇ ਇਸਨੇ ਆਪਣਾ ਜਨਤਕ ਆਧਾਰ ਵੀ ਵਧਾਇਆ ਹੈ। ਜੇਕਰ ਅਸੀਂ ਇਸ ਸਰਕਾਰ ਨੂੰ ਸੀ. ਪੀ. ਐਮ ਦੇ 'ਸੰਘਰਸ਼ ਦੇ ਹਥਿਆਰ' ਅਤੇ ਜਮਾਤੀ ਸੰਘਰਸ਼ ਨੂੰ ਵਿਕਸਤ ਕਰਨ ਅਤੇ ਦੇਸ਼ ਵਿਆਪੀ ਰੂਪ ਦੇਣ ਦੇ ਸੰਦ ਦੇ ਦਾਅਵੇ ਦੀ ਕਸੌਟੀ ਤੇ ਵਿਚਾਰ ਕਰੀਏ ਤਾਂ ਤਸਵੀਰ ਕੁੱਝ ਹੋਰ ਹੀ ਨਜ਼ਰ ਆਵੇਗੀ। ਹੁਣ ਕਾਫੀ ਲੋਕ ਇਸ ਗੱਲ ਨੂੰ ਸਮਝਣ ਲੱਗੇ ਹਨ ਕਿ ਉਦਯੋਗਿਕ ਸੰਕਟ ਨਾਲ ਬੱਧੀ ਹੋਈ ਪੱਛਮੀ ਬੰਗਾਲ ਵਿਚ ਸਨਅਤੀਕਰਨ ਲਈ ਖੱਬੇ-ਪੱਖੀ ਸਰਕਾਰ ਦੀ ਮੁੱਖ ਭੂਮਿਕਾ, ਬਹੁ ਕੌਮੀ ਕੰਪਨੀਆਂ ਅਤੇ ਭਾਰਤੀ ਵੱਡੇ ਘਰਾਣਿਆਂ ਨੂੰ ਸੱਦਾ ਦੇਣ ਅਤੇ ਉਦਯੋਗਿਕ ਸ਼ਾਂਤੀ ਬਣਾਈ ਰੱਖਣ ਦੀ ਹੈ। ਸਾਫ ਹੈ, ਇਹ ਭੂਮਿਕਾ ਬਾਕੀ ਭਾਰਤ ਵਿਚ ਲੜਾਕੂ ਮਜ਼ਦੂਰ ਅੰਦੋਲਨ ਨੂੰ ਅੱਗੇ ਵਧਾਉਣ ਲਈ ਪ੍ਰੇਰਨਾ ਸਰੋਤ ਨਹੀਂ ਬਣ ਸਕਦੀ। ਚੋਣ ਨਤੀਜਿਆਂ ਦੀ ਸਮੀਖਿਆ ਇਹ ਵੀ ਦਸਦੀ ਹੈ ਕਿ ਪਿਛਲੇ ਦਸ ਸਾਲ ਵਿਚ ਖ਼ੁਦ ਬੰਗਾਲ ਵਿਚ ਮਜ਼ਦੂਰ ਜਮਾਤ ਉੱਤੇ ਸੀ. ਪੀ. ਐਮ ਦੀ ਪਕੜ ਕਮਜ਼ੋਰ

ਹੁੰਦੀ ਗਈ ਹੈ। ਸੀ. ਪੀ. ਐਮ ਦਾ ਵਿਸਥਾਰ ਮੁੱਖ ਤੌਰ ਤੇ ਪੇਂਡੂ ਇਲਾਕਿਆਂ ਵਿਚ ਹੋਇਆ ਹੈ ਅਤੇ ਇਸ ਵਿਸਥਾਰ ਬਾਰੇ ਲਗਾਤਾਰ ਸ਼ਕਾਇਤਾਂ ਉਠ ਰਹੀਆਂ ਹਨ ਕਿ ਪੇਂਡੂ ਨਵੇਂ ਧਨਾਢ ਵਰਗ ਨਾਲ ਪਾਰਟੀ ਸਮਝੌਤਾ ਕਰ ਰਹੀ ਹੈ। ਇਨ੍ਹਾਂ ਸਾਰੇ ਕਾਰਨਾਂ ਕਰਕੇ ਖੱਬੇ-ਪੱਖੀ ਸਰਕਾਰ ਆਪਣੀ ਲੰਬੀ ਹੋਂਦ ਦੇ ਬਾਵਜੂਦ ਦੇਸ਼ ਵਿਆਪੀ ਲੋਕ ਘੋਲਾਂ ਨੂੰ ਤੇਜ਼ ਕਰਨ ਵਿਚ ਅਤੇ ਇਨਕਲਾਬੀ ਜਨਤਕ ਉਭਾਰ ਦੀਆਂ ਹਾਲਤਾਂ ਤਿਆਰ ਕਰਨ ਵਿੱਚ ਕੋਈ ਠੋਸ ਭੂਮਿਕਾ ਨਹੀਂ ਲੈ ਸਕੀ। ਇਸਦਾ ਸਾਰਾ ਜ਼ੋਰ ਕੇਂਦਰ-ਰਾਜ ਸਬੰਧਾਂ ਨੂੰ ਮੁੜ ਨਿਰਧਾਰਤ ਕਰਨ ਉੱਤੇ ਰਿਹਾ ਅਤੇ ਇਸੇ ਮੰਗ ਨੂੰ ਕੇਂਦਰ ਬਣਾ ਕੇ ਪਾਰਟੀ ਬੁਰਜੂਆਂ ਵਿਰੋਧੀ ਧਿਰ ਅਤੇ ਸ਼ਾਸ਼ਕ ਬੇਤਰੀ ਪਾਰਟੀਆਂ ਨਾਲ ਜੋੜ-ਤੋੜ ਕਰਨ ਦੀ ਸਿਆਸੀ ਕਾਰਜਨੀਤੀ 'ਤੇ ਅਮਲ ਕਰਦੀ ਹੈ।

ਨਿਰੰਕੁਸ ਰਾਜਸਤਾ ਦੇ ਮੁਕੰਮਲ ਜਮਹੂਰੀ ਕਰਣ ਦੇ ਰਾਜਨੀਤਕ ਉਦੇਸ਼ ਨੂੰ, ਜਮਾਤੀ ਘੋਲਾਂ ਦੀ ਪੂਰੀ ਤਰ੍ਹਾਂ ਵਿਕਸਤ ਕਰਨ ਅਤੇ ਦੇਸ਼ ਵਿਆਪੀ ਰੂਪ ਦੇਣ ਦੇ ਇਸ ਸਭ ਤੋਂ ਮਹੱਤਵ ਪੂਰਣ ਕੰਮ ਨੂੰ ਵਾਰ-ਵਾਰ ਤੋੜਿਆ ਮਰੋੜਿਆ ਗਿਆ। ਖੱਬੇ-ਪੱਖੀ ਬਦਲ ਨੂੰ ਸਰਵ-ਪ੍ਰਵਾਨਿਤ ਅਤੇ ਹਰਮਨ ਪਿਆਰ ਬਨਾਉਣ ਦੇ ਨਾਂ ਹੇਠ ਉਦਾਰਵਾਦੀ ਜਾਮਾ ਪਹਿਨਾਇਆ ਗਿਆ। ਇਨਕਲਾਬੀ ਜਨਤਕ ਉਭਾਰ ਦੀਆਂ ਹਾਲਤਾਂ ਤਿਆਰ ਕਰਨ ਦੇ ਆਪਣੇ ਐਲਾਨੇ ਗਏ ਉਦੇਸ਼ ਵਿਚ ਨਾਕਾਮ ਹੋ ਕੇ ਇਸਦੇ ਪੈਰੋਕਾਰ ਉਦਾਰਵਾਦੀ ਦਲੀਲਾਂ ਦਿੰਦੇ ਫਿਰਦੇ ਹਨ ਕਿ ਘਟੋ-ਘਟ ਇਹ ਸਾਰਕਾਰਾਂ ਕਾਂਗਰਸ ਨਾਲੋਂ ਤਾਂ ਚੰਗੀਆਂ ਹਨ "ਕਾਂਗਰਸ ਸ਼ਾਸ਼ਨ ਤੋਂ ਕੁਝ ਚੰਗੀਆਂ' ਇਹ ਸਰਕਾਰਾ ਦਰ ਅਸਲ ਜਨਤਾ ਨੂੰ ਕੁਝ ਫੌਰੀ ਰਾਹਤਾਂ ਦਿੰਦੀਆਂ ਹਨ ਅਤੇ ਇਸ ਤਰ੍ਹਾਂ ਉਹਨਾਂ ਨੂੰ ਬੁਨਿਆਦੀ ਤਬਦੀਲੀ ਦੇ ਸੰਘਰਸ ਤੋਂ ਲਾਂਭੇ ਰੱਖਣ ਵਿਚ ਅਫੀਮ ਦਾ ਕੰਮ ਕਰਦੀਆਂ ਹਨ। ਵਿਕਾਸ ਦੇ ਦਵੰਦ ਵਾਦੀ ਨਿਯਮ ਵਿਚ ਖੱਬੇ ਪੱਖੀ ਸਰਕਾਰਾਂ ਅਤੇ ਇਨ੍ਹਾਂ ਉਤੇ ਕੇਂਦਰਤ ਉਦਾਰਵਾਦੀ 'ਖੱਬੇ ਬਦਲ ਦੀ ਪੇਸ਼ਕਸ਼' ਇਨਕਲਾਬੀ ਉਭਾਰ ਦੇ ਰਸਤੇ ਵਿਚ ਫਿਕਰ-ਬੰਦੀ ਅਤੇ ਚੇਤੰਨਤਾ ਦੇ ਖੇਤਰ ਵਿਚ ਸਭ ਤੋਂ ਵੱਡੀ ਰੁਕਾਵਟ ਬਣਕੇ ਖੜੀਆਂ ਹੋ ਗਈਆਂ ਹਨ ਇਨ੍ਹਾਂ ਪੂਰੀ ਜਨਤਾ ਅਤੇ ਖੱਬੇ-ਪੱਖੀ ਕਤਾਰਾਂ ਜਦੋਂ ਤੱਕ ਮੋਹ ਭਿੱਜੀਆਂ ਰਹਿਣਗੀਆਂ ਉਦੋਂ ਤੱਕ ਉਨ੍ਹਾਂ ਦਾ ਸੰਘਰਸ਼ ਪਾਰਲੀਮਾਨੀ ਜਮਹੂਰੀਅਤ ਦੇ ਦਾਇਰੇ ਵਿਚ ਕੁਝ ਫੌਰੀ ਰਾਹਤਾਂ ਪ੍ਰਾਪਤ ਕਰਨ ਦੇ ਆਲੇ-ਦੁਆਲੇ ਹੀ ਘੁੰਮਦਾ ਰਹੇਗਾ। ਜਨਤਾ ਦੇ ਇਕ ਸ਼ਕਤੀਸ਼ਾਲੀ ਕਰਾਂਤੀਕਾਰੀ ਉਭਾਰ ਲਈ ਨਿਰੰਕੁਸ਼ ਸਤਾ ਦੇ ਜਮਹੂਰੀਕਰਣ ਦੇ ਸੰਘਰਸ਼ 'ਵਿਚ ਵਧਣ ਲਈ ਜੋ ਸੰਘਰਸ਼ ਲਾਜ਼ਮੀ ਹੀ ਪਾਰਲੀਮਾਨੀ ਜਮਹੂਰੀਅਤ ਦੀਆਂ ਸੀਮਾਵਾਂ ਲੰਘ ਜਾਵੇਗਾ, ਉਸ ਨੂੰ ਉਦਾਰਵਾਦੀ ਖੱਬੇ-ਪੱਖੀ ਬਦਲ ਦੀ ਧਾਰਨਾਂ ਤੋਂ ਲਾਜ਼ਮੀ ਹੀ ਮੋਹ-ਮੁਕਤ ਹੋਣਾ ਪਵੇਗਾ।

ਸਾਡੇ ਇਨਕਲਾਬੀ-ਜਮਹੂਰੀ ਬਦਲ ਦੀ ਧਾਰਨਾ ਇਥੋਂ ਹੀ ਬਣਦੀ ਹੈ। ਸਾਨੂੰ ਪਤਾ ਹੈ ਕਿ ਇਸ ਮੋਹ ਮੁਕਤੀ ਵਿਚ ਸਮਾਂ ਲੱਗੇਗਾ, ਪਰ ਇਸ ਧਾਰਨਾਂ ਦੀ ਆਜ਼ਾਦੀ ਬਰਕਰਾਰ ਰੱਖਣ ਲਈ ਅਸੀਂ 'ਖੱਬੇ ਪੱਖੀ ਸਰਕਾਰਾਂ' ਅਤੇ ਉਹਨਾਂ ਉਤੇ ਕੇਂਦਰਿਤ ਖੱਬੇ-ਬਦਲ ਦੇ ਹਿੱਸੇਦਾਰ ਨਹੀਂ ਬਣ ਸਕਦੇ।

ਅਸੀਂ ਜ਼ਰੂਰ ਹੀ ਪਾਰਲੀ-ਮਾਨੀ ਸੰਘਰਸ਼ ਵਿਚ ਹਿੱਸਾ ਲੈਂਦੇ ਹਾਂ, ਲੇਕਿਨ ਪਾਰਲੀਮਾਨੀ ਸਰਬ-ਸ੍ਰੇਸ਼ਟਤਾ ਦੇ ਉਲਟ ਅਸੀਂ ਸਿਰੇ ਦੇ ਇਨਕਲਾਬੀ ਬਦਲ ਦੀ ਪਾਰਟੀ ਦੀ ਆਪਣੀ ਸਥਿਤੀ ਦੇ ਦਰਿੜ ਰਹਿੰਦੇ ਹਾਂ। ਅਸੀਂ ਜਨਤਾ ਨੂੰ ਅਫੀਮ ਪਿਆਉਣ ਦੀ ਯੋਜਨਾ ਵਿਚ ਸ਼ਰੀਕ ਨਹੀਂ ਹੋ ਸਕਦੇ।

ਇਸਦਾ ਮਤਲਬ ਇਹ 'ਬਿਲਕੁਲ ਨਹੀਂ ਹੁੰਦਾ ਕਿ ਅਸੀਂ ਖੱਬੇ-ਪੱਖੀ ਸਰਕਾਰ ਦੀਆਂ ਵੱਖ-ਵੱਖ ਨੀਤੀਆਂ ਅਤੇ ਕਦਮਾਂ ਦਾ ਅੰਨਾ ਵਿਰੋਧ ਕਰਦੇ ਹਾਂ ਜਾਂ ਅਸੀਂ ਖੱਬੇ ਪੱਖੀ ਪਾਰਟੀਆਂ ਨਾਲ ਸਾਂਝੀਆਂ ਸਰਗਰਮੀਆਂ ਨਹੀਂ ਕਰਨਾ ਚਾਹੁੰਦੇ। ਖੱਬੇ-ਪੱਖੀ ਸਰਕਾਰਾਂ ਅਤੇ ਕੇਂਦਰ ਵਿਚ ਕਿਸੇ ਵੀ ਸੰਘਰਸ਼ ਦੌਰਾਨ ਅਸੀਂ ਇਹਨਾਂ ਸਰਕਾਰਾਂ ਦਾ ਸਮਰਥਨ ਕਰਦੇ ਹਾਂ ਅਤੇ ਰਾਜੀਵ ਹਟਾਓ ਅੰਦੋਲਨ ਵਿਚ ਅਸੀਂ ਖੱਬੇ-ਪੱਖੀ ਪਾਰਟੀਆਂ ਨਾਲ ਸਾਂਝੀਆਂ ਕਾਰਵਾਈਆਂ ਨੂੰ ਪਹਿਲ ਦਿੰਦੇ ਹਾਂ। ਅਸੀਂ ਇਕ ਅਜਿਹੇ ਵਿਆਪਕ ਖੱਬਾ ਮੋਰਚਾ ਬਣਾਉਣ ਦੇ ਪੱਖ ਵਿਚ ਹਾਂ ਜੋ ਕੇਂਦਰ ਸਰਕਾਰ ਖਿਲਾਫ ਲੋਕ-ਸੰਘਰਸ਼ਾਂ ਤੇ ਅਧਾਰਤ ਹੋਵੇ, ਜਿਸ ਵਿਚ 'ਖੱਬੇ-ਪੱਖੀ' ਸਰਕਾਰਾਂ ਦਾ ਹਰ ਹਾਲਤ ਵਿਚ ਸਮਰਥਨ ਕਰਨ ਦੀ ਸ਼ਰਤ ਨਾ ਲੱਦੀ ਗਈ ਹੋਵੇ, ਅਤੇ ਜਿਸ ਵਿਚ ਬਦਲ ਦੀਆਂ ਵੱਖ ਵੱਖ ਖੱਬੇ-ਪੱਖੀ ਧਾਰਨਾਵਾਂ ਵਿਚ ਖੁੱਲ੍ਹੇ ਬਹਿਸ ਮੁਬਾਹਸੇ ਦੀ ਗੁੰਜਾਇਸ਼ ਹੋਵੇ।

ਅਸੀਂ ਇਥੇ ਇਹ ਵੀ ਸਪਸ਼ਟ ਕਰਨਾ ਚਾਹਾਂਗੇ ਕਿ ਭਾਰਤ ਵਿਚ ਜਮਹੂਰੀਕਰਣ ਦਾ ਸਵਾਲ 'ਰਾਸ਼ਟਰੀ ਏਕਤਾ' ਨਹੀਂ ਬਲਕਿ 'ਜ਼ਰਈ ਇਨਕਲਾਬ' ਨਾਲ ਜੁੜਿਆ ਹੋਇਆ ਹੈ। ਖੇਤੀ ਦੇ ਸਵਾਲ ਨੂੰ ਇਨਕਲਾਬੀ ਢੰਗ ਨਾਲ ਹੱਲ ਕਰਨਾ ਹੀ ਜਮਹੂਰੀਕਰਣ ਦੀ ਕੁੰਜੀ ਹੈ। ਅਸੀਂ ਦੇਖਦੇ ਹਾਂ ਕਿ ਸ਼ਾਸਕ ਵਰਗ ਨੇ ਪੰਜਾਬ ਵਿਚ ਖੇਤੀ ਦੇ ਸਵਾਲ ਨੂੰ 'ਹਰੇ ਇਨਕਲਾਬ' ਨਾਲ ਹੱਲ

ਕੀਤਾ ਅਤੇ ਇਸਦਾ ਖੂਬ ਢੰਡੋਰਾ ਪਿੱਟਿਆ ਗਿਆ। ਧਨੀ ਕਿਸਾਨੀ 'ਤੇ ਅਧਾਰਤ ਖੇਤੀ ਵਿਕਾਸ ਦੇ ਪੂੰਜੀਵਾਦੀ ਰਸਤੇ ਨੇ ਜਗੀਰੂ ਅਤੇ ਧਾਰਮਕ ਕੱਟੜ ਪੰਥੀ ਕਦਰਾਂ ਕੀਮਤਾਂ ਨੂੰ ਹੀ ਮੇਜ਼ਬੂਤ ਕੀਤਾ ਹੈ ਅਤੇ ਅੱਜ ਖਾਲਿਸਤਾਨ ਦਾ ਸਵਾਲ, 'ਰਾਸ਼ਟਰੀ ਏਕਤਾ' ਉਤੇ ਜ਼ਬਰਦਸਤ ਪ੍ਰਸ਼ਨ ਚਿੰਨ ਲਾਈਂ ਖੜਾ ਹੈ। 'ਹਰੇ-ਇਨਕਲਾਬ' ਦੇ ਵਿਕਾਸ ਨੇ ਦੂਸਰੇ ਰਾਜਾਂ ਵਿਚ ਵੀ ਜਾਤ ਧਰਮ ਅਤੇ ਖੇਤਰੀਵਾਦ ਉਤੇ ਅਧਾਰਤ ਰਾਜ-ਨੀਤਕ ਸ਼ਕਤੀਆਂ ਨੂੰ ਮਜ਼ਬੂਤ ਕੀਤਾ ਹੈ। ਅਗਾਂਹ-ਵਧੂ ਕਦਰਾਂ-ਕੀਮਤਾਂ ਅਤੇ ਜਮਹੂਰੀ ਸੰਸਥਾਵਾਂ ਨੂੰ ਨਹੀਂ। ਇਸ ਲਈ ਖੇਤ ਮਜਦੂਰਾਂ ਅਤੇ ਗਰੀਬ ਅਤੇ ਦਰਮਿਆਨੇ ਕਿਸਾਨਾਂ ਤੇ ਆਧਾਰਿਤ ਖੇਤੀ-ਵਿਕਾਸ ਦਾ ਰਸਤਾ ਅਤੇ ਉਸੇ ਰਸਤੇ ਲਈ ਸੰਘਰਸ਼ ਹੀ ਇਨਕਲਾਬੀ ਜਮਹੂਰੀ ਬਦਲ ਦੀ ਅੰਤਰ ਵਸਤੂ ਹੋ ਸਕਦੀ ਹੈ। ਬਿਹਾਰ ਦੇ ਮਘਦੇ ਖੇਤ-ਬੰਨਿਆਂ ਵਿਚ ਅਸੀਂ ਇਸ ਸੰਘਰਸ਼ ਦੀ ਅਗਵਾਈ ਕਰ ਰਹੇ ਹਾਂ ਇਹੀ ਸੰਘਰਸ਼ ਜਦੋਂ ਦੇਸ਼ ਦੇ ਦੂਜੇ ਭਾਗਾਂ ਦੇ ਮਿਹਨਤਕਸ਼ ਕਿਸਾਨਾਂ ਦੇ ਸੰਘਰਸ਼ਾਂ ਨਾਲ, ਦਲਿਤਾਂ ਅਤੇ ਕੌਮੀ ਘਟ ਗਿਣਤੀਆਂ ਦੇ ਸੰਘਰਸ਼ਾਂ ਨਾਲ, ਖੱਬੇ ਪੱਖੀ ਕਤਾਰਾਂ ਦੇ ਜਮਹੂਰੀ ਸੰਘਰਸਾਂ ਨਾਲ ਅਤੇ ਵਧੀਆਂ ਜ਼ਿੰਦਗੀ ਲਈ ਹੋਣ ਵਾਲੇ ਜਨਤਾ ਦੇ ਹਰ ਵਰਗ ਅਤੇ ਤਬਕੇ ਦੇ ਸੰਘਰਸ਼ਾਂ ਨਾਲ ਜੁੜੇਗਾ, ਉਦੋਂ ਭਾਰਤ ਦੇ ਦਿਸਹੱਦੇ ਉੱਤੇ ਇਕ ਨਵਾਂ ਬਦਲ ਉਭਰੇਗਾ ਜਿਸਦੇ ਝੰਡੇ ਉੱਤੇ ਲਿਖਿਆ ਹੋਵੇਗਾ ਨਿਰੰਕੁਸ਼ ਰਾਜਸਤਾ ਨੂੰ ਉਖਾੜ ਦਿਉ ! ○

---

## ਇਕ ਰੀਪੋਰਟ ਪਲਸ ਮੰਚ ਦਾ ਸਥਾਪਨਾ ਦਿਵਸ

ਲੋਹੀਆਂ—ਪੰਜਾਬ ਲੋਕ ਸਭਿਆਚਾਰਕ ਮੰਚ ਵਲੋਂ ਇਸ ਵਰ੍ਹੇ ਸਥਾਪਨਾ ਦਿਵਸ ਦੁਆਬੇ ਦੇ ਪ੍ਰਸਿਧ ਕਸਬਾ ਲੋਹੀਆਂ ਵਿਖੇ 3 ਅਪਰੈਲ ਐਤਵਾਰ ਨੂੰ ਗੀਤ ਸੰਗੀਤ ਅਤੇ ਨਾਟਕ ਮੇਲੇ ਦੇ ਰੂਪ ਵਿਚ ਮਨਾਇਆ ਗਿਆ। 23 ਮਾਰਚ ਦੇ ਸ਼ਹੀਦਾਂ ਨੂੰ ਸਮਰਪਿਤ ਇਸ ਮੇਲੇ ਵਿਚ ਪੰਜਾਬ ਦੀ ਫਿਜ਼ਾ 'ਚ ਜ਼ਹਿਰ ਘੋਲ ਰਹੀਆਂ ਕਾਲੀਆਂ ਸ਼ਕਤੀਆਂ ਦੀ ਦਹਿਸ਼ਤ ਜ਼ਦਾ ਕਾਰਵਾਈਆਂ, ਆਮ ਲੋਕਾਂ ਵਿਚ ਸਹਿਮ ਅਤੇ ਸਰਕਾਰੀ ਅਮਨ ਕਾਨੂੰਨ ਕਾਇਮ ਰੱਖਣ ਦੇ ਨਾਂ ਹੇਠ ਪੁਲਸੀ ਕਾਰਵਾਈਆਂ ਦੇ ਬਾਵਜੂਦ ਲਗਭਗ 4000 ਔਰਤਾਂ ਤੇ ਮਰਦਾਂ ਨੇ ਹਿੱਸਾ ਲਿਆ। ਪੰਜਾਬ ਦੇ ਵੱਖ ਵੱਖ ਕੋਨਿਆਂ ਤੋਂ ਉਚੇਚੇ ਤੌਰ 'ਤੇ ਪੁੱਜੇ ਲੋਕ ਪੱਖੀ ਸਾਹਿਤਕ ਸਮਰਥਕਾਂ ਅਤੇ ਇਲਾਕੇ ਭਰ ਦੇ ਦਰਸ਼ਕਾਂ ਨੂੰ "ਮੰਚ" ਵਲੋਂ ਪਹਿਲੀ ਵਾਰੀ ਦਿਨ ਵੇਲੇ ਦਾ ਕਾਮਯਾਬ ਨਾਟਕ ਮੇਲਾ ਵੇਖਣ ਨੂੰ ਮਿਲਿਆ।

ਸਮਾਗਮ ਇਥੋਂ ਦੇ ਸਰਕਾਰੀ ਹਾਈ ਸਕੂਲ ਦੀ ਚਾਰ ਦਿਵਾਰੀ ਅੰਦਰ ਲਗ ਭਗ ਸਾਢੇ 10 ਵਜੇ ਲੋਹੀਆਂ ਨਾਟਕ ਕਲਾ ਕੇਂਦਰ (ਰਜਿ.) ਵਲੋਂ "ਸਰਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ" ਸਮੂੰਹ ਗਾਨ ਨਾਲ ਸ਼ੁਰੂ ਹੋਇਆ। ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਵਲੋਂ ਅਸੰਬਲੀ ਬੰਬ ਕਾਂਡ ਮਗਰੋਂ ਅਦਾਲਤ ਵਿਚ ਦਿਤੇ ਦਲੇਰਾਨਾ ਬਿਆਨ 'ਤੇ ਅਧਾਰਿਤ ਇਕਬਾਲ ਨਾਟਕ "ਇਨਕਲਾਬ-ਜਿੰਦਾਬਾਦ" ਇਸੇ ਸਕੂਲ ਦੇ ਛੋਟੇ ਛੋਟੇ ਕਲਾਕਾਰਾਂ ਨੇ ਬੜੇ ਭਾਵਪੂਰਤ ਢੰਗ ਨਾਲ ਪੇਸ਼ ਕੀਤਾ। ਦਾਜ ਦੀ ਲਾਹਨਤ ਨੂੰ ਸਮਾਜ ਵਿਚੋਂ ਮੁੱਢੋਂ ਪੁੱਟ ਸੁੱਟਣ ਲਈ ਲੋਕ ਰਾਏਆਮਾ ਕਾਇਮ ਕਰਨ ਦੀ ਅਵੱਜ਼ੇ ਇਕ ਹੋਰ ਬਾਲ ਨਾਟਕ "ਹੰਕਾਰ" ਪੇਸ਼ ਕੀਤਾ ਗਿਆ। ਤਦ ਤਕ ਸਾਰਾ ਪੰਡਾਲ ਖਚਾ ਖਚ ਭਰ ਚੁੱਕਾ ਸੀ। ਇਕ ਸੌ ਵਲੰਟੀਅਰਾਂ ਵਲੋਂ ਮੌਕੇ ਦੀ ਨਜ਼ਾਕਤ ਨੂੰ ਮੱਦੇ ਨਜ਼ਰ ਰਖਦਿਆਂ ਸਾਰੇ ਪੰਡਾਲ ਨੂੰ ਚੁਫੇਰਿਓਂ ਘੇਰਾ ਪਾਇਆ ਹੋਇਆ ਸੀ ਅਤੇ ਇਕ ਅਨੁਸ਼ਾਸ਼ਨੀ ਟੀਮ ਵਜੋਂ ਦਰਸ਼ਕਾਂ ਦੀ ਗੇਟ ਦੇ ਉਪਰ ਹੀ ਤਲਾਸ਼ੀ ਲੈ ਕੇ ਅੰਦਰ ਯੋਗ ਥਾਂ ਦਿਵਾਉਣ ਤਕ ਦਾ ਕੰਮ ਬੜੀ ਸਚੁੱਜਤਾ ਨਾਲ ਨਿਭਾਇਆ ਜਾ ਰਿਹਾ ਸੀ। ਹਰ ਦਰਸ਼ਕ ਤਕ ਅਚਨਚੇਤੀ ਗਰਮੀ ਤੋਂ ਰਾਹਤ ਪਹੁੰਚਾਉਣ ਖਾਤਰ ਠੰਡੇ ਪਾਣੀ ਦੀ ਸੇਵਾ ਇਕ ਹੋਰ ਵਿਲੱਖਣਾ ਵਾਲਾ ਕੰਮ "ਮੰਚ" ਵਿਚ ਪਹਿਲੀ ਵਾਰੀ ਵੇਖਣ ਨੂੰ ਮਿਲਿਆ।

ਲੋਕ ਕਵੀ ਜੈਮਲ "ਪੱਡਾ" ਦੀ ਯਾਦ ਨੂੰ ਸਮਰਪਿਤ ਉਸੇ ਦਾ ਲਿਖਿਆ ਗੀਤ "ਪੁੱਤ ਪਾ ਕੇ ਸ਼ਹੀਦੀ ਤੇਰਾ, ਨੀ ਅੰਮੀਏ ਅਮਰ ਹੋ ਗਿਆ" ਲੋਕ ਸੰਗੀਤ ਮੰਡਲੀ ਭਾਦੋੜ ਵਲੋਂ ਪੇਸ਼ ਕੀਤਾ ਗਿਆ। ਇਸ ਮੰਡਲੀ ਨੇ ਕ੍ਰਿਸ਼ਨ ਕੌਰ ਪਾਲ ਦਾ ਲਿਖਿਆ ਗੀਤ "ਸਾਡੇ ਅਟਣਾ ਵਾਲੇ ਹੱਥ ਬੜੇ ਕਰੜੇ ਨਾ ਸ਼ਾਹਾ" ਗੁਰਚਰਨ ਗੋਪੀ ਦੀ ਅਗਵਾਈ ਵਿਚ ਗਾਇਆ ਜੋ ਦਰਸ਼ਕਾਂ ਵਲੋਂ ਜ਼ੋਰਦਾਰ ਤਾੜੀਆਂ ਨਾਲ ਸਲਾਹਿਆ ਗਿਆ।

ਸੰਗਰਾਮੀ ਬੋਲਾਂ ਦੇ ਰਚੇਤਾ ਤੇ ਸਾਹਿਤਕ ਸਫਾਂ ਦੇ ਮਕਬੂਲ ਸ਼ਾਇਰ ਅਵਤਾਰ "ਪਾਸ਼" ਨੂੰ ਸ਼ਰਧਾਂਜਲੀ ਗੀਤ "ਕੱਖਾਂ ਦੀਏ ਕੁੱਲੀਏ ਮਿਨਾਰ ਬਣ ਜਾਈਂ, ਪੈਰਾਂ ਦੀਏ ਮਿੱਟੀਏ ਪਹਾੜ ਬਣ ਜਾਈਂ ਨੀ ਤੂੰ ਆਪਣੀ ਕਮਾਈ ਸਾਂਭ ਰੱਖੀਂ ਨੀ—ਕਿਰਤੀ ਦੀਏ ਕੁੱਲੀਏ" ਅੰਮ੍ਰਿਤਸਰ ਸਕੂਲ ਆਫ ਡਰਾਮਾ ਨੇ ਪਰਮਜੀਤ ਦੀ

ਅਗਵਾਈ ਹੇਠ ਪੇਸ਼ ਕੀਤਾ ।

ਨਾਟਕਾਂ ਦੀ ਲੜੀ ਵਿਚ ਲੋਕ ਰੰਗ ਮੰਚ ਦੇ ਬਜ਼ੁਰਗ ਨਾਟਕਕਾਰ ਜੋਗਿੰਦਰ ਬਾਹਰਲਾ ਦੀ ਬਹੁਮੁੱਲੀ ਕਿਰਤ ਤੇ ਸੰਗੀਤ ਨਾਟਕ "ਹਾੜੀਆਂ ਸਾਉਣੀਆਂ" ਨੂੰ "ਅੰਮ੍ਰਿਤਸਰ ਸਕੂਲ ਆਫ ਡਰਾਮਾ" ਨੇ ਪੇਸ਼ ਕਰਕੇ ਦਰਸ਼ਕਾਂ ਦਾ ਮਨ ਮੋਹ ਲਿਆ । ਇੰਦਰਜੀਤ ਦੀ ਰਸਮਈ ਆਵਾਜ਼ ਦੀ ਲੈਅ ਨਾਲ ਪੱਬਾਂ ਭਾਰ ਭੰਗੜਾ ਪਾ ਰਹੇ ਨੌਜਵਾਨਾਂ ਨੇ ਜਿਥੇ ਕਿਸਾਨਾਂ ਨੂੰ ਵੀ ਹਾਣੀ ਹੋ ਕੇ ਭੰਗੜਾ ਪਾਉਣ ਲਈ ਉਤਸਾਹਿਤ ਕੀਤਾ ਉਥੇ ਕਿਸਾਨਾਂ ਨੂੰ ਲੋਟੂਆਂ ਪ੍ਰਤੀ ਚੇਤੰਨਤਾ ਦਾ ਹੋਕਾ ਦਿਤਾ ।

ਪੰਜਾਬੀ ਨਾਟਕ ਦੇ ਨਾਮਵਰ ਤੇ ਅਵਾਮੀ ਰੰਗ ਮੰਚ ਦੇ ਸਿਰ ਕੱਢ ਨਾਟਕਕਾਰ ਡਾ. ਆਤਮਜੀਤ ਦੀ ਅਗਵਾਈ ਹੇਠ ਕਲਾ ਮੰਦਰ ਚੰਡੀਗੜ੍ਹ ਵਲੋਂ ਬਹੁਚਰਚਿਤ ਨਾਟਕ "ਗੁਬਾਰੇ" ਦੀ ਕਾਮਯਾਬ ਪੇਸ਼ਕਾਰੀ "ਮੰਚ" ਦੇ ਇਸ ਸਮਾਗਮ ਦੀ ਯਾਦਗਾਰੀ, ਆਈਟਮ ਸੀ । ਸੰਗੀਤ ਭਰਪੂਰ ਇਸ ਨਾਟਕ ਨੇ ਸਮਾਜ ਦੇ ਵਹਿਮਾਂ ਭਰਮਾਂ, ਭੂਤਾਂ-ਪਰੇਤਾਂ ਵਿਰੁਧ ਇਕ ਜ਼ੋਰਦਾਰ ਅਵਾਜ਼ ਉਠਾਈ ਹੈ ਜੋ ਛੋਟੇ ਛੋਟੇ ਬਚਿਆਂ ਦੇ ਦਿਮਾਗਾਂ ਨੂੰ ਦਿਸ਼ਾਹੀਣ ਕਰਨ ਲਈ "ਸਰਕਾਰੀ ਸਾਧਨਾਂ" ਰਾਹੀਂ "ਹੋਣੀ-ਅਨਹੋਣੀ" ਜਿਹੇ ਨਾਟਕਾਂ ਰਾਹੀਂ ਫੈਲਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ । ਨਾਟਕ ਵਿਚ ਬਚਿਆਂ ਦੇ ਨਾਟਕੀ-ਅੰਦਾਜ਼ ਤੇ ਸੰਗੀਤਕ ਧੁਨਾਂ ਦੇ ਸੁਮੇਲ ਨੇ ਦਰਸ਼ਕਾਂ ਨੂੰ ਕੀਲੀ ਰੱਖਿਆ ।

ਪਲਸ ਮੰਚ ਵਲੋਂ ਪੰਜਾਬੀ ਦੇ ਨਾਮਵਰ ਗੀਤ-ਕਾਰਾਂ ਤੋਂ ਹੁਣੇ ਜਿਹੇ ਇਸੇ ਸਮਾਗਮ ਲਈ ਉਚੇਚੇ ਤੌਰ ਤੇ ਤਿਆਰ ਕਰਵਾਈ ਲੋਕ-ਪੱਖੀ, ਇਨਕਲਾਬੀ ਗੀਤਾਂ ਦੀ ਕੈਸਟ "ਸਤਲੁਜ ਦਾ ਪੈਗਾਮ" ਡਾ. ਆਤਮਜੀਤ ਨੇ ਜਾਰੀ ਕੀਤੀ । "ਇਹ ਕੈਸਟ ਪਲਸ ਮੰਚ ਵਲੋਂ ਜਾਰੀ ਕਰਨਾ ਲੋਕ ਦੋਖੀ ਤਾਕਤਾਂ ਦੇ ਮੂੰਹ ਤੇ ਇਕ ਤਮਾਚਾ ਹੈ ਜੋ ਸਭਿਆਚਾਰਕ ਵੰਡੀਆਂ ਪਾਉਣ ਲਈ ਸਿਰ ਤੋੜ ਯਤਨਾਂ 'ਚ ਲਗੇ ਹੋਏ ਹਨ—ਆਤਮਜੀਤ" ।

ਤੇ ਜਿੰਦਗ਼ਾ ਆਰਟਸ ਦੇ "ਲਾਟ ਸਾਹਿਬ" ਨੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦਾ ਪੁੱਤ ਬਣ ਕੇ ਇਕ ਵਾਰੀ ਤਾਂ ਦਰਸ਼ਕਾਂ ਨੂੰ ਖਟਕੜਕਲਾ ਦੇ ਬੁੱਤ ਦਾ ਭੁਲੇਖਾ ਪਾ ਦਿਤਾ । ਕੁਝ ਕੁ ਪਲਾਂ ਦੀ ਇਸ ਆਈਟਮ ਨਾਲ ਦਰਸ਼ਕ ਅਸ਼ ਅਸ਼ ਕਰ ਉਠੇ ।

ਨਾਟਕ "ਇਕੋ ਮਾਂ ਦੋ ਮੁਲਕ" ਅੰਮ੍ਰਿਤਸਰ ਸਕੂਲ ਆਫ ਡਰਾਮਾ ਵਲੋਂ ਪੇਸ਼ ਕੀਤਾ ਗਿਆ । '47 ਦੀ ਵੰਡ ਦੇ ਅੱਲੇ ਜ਼ਖਮਾਂ ਨੂੰ ਨਾਟਕੀ ਰੂਪ ਵਿਚ ਵੇਖਕੇ ਲੋਕ ਭੁੱਬਾਂ ਮਾਰ ਕੇ ਰੋ ਰਹੇ ਸਨ । ਜਿਸ ਜਜ਼ਬਾਤੀ ਰੌਂਅ ਵਿਚ ਮਾਂ ਨੇ ਵਿਰਲਾਪ ਕਰਦਿਆਂ ਆਪਣੀ ਝੋਲੀ ਅੱਡ ਕੇ "ਪੁੱਤਰ" ਦੀ ਖੈਰ ਮੰਗੀ ਤਾਂ ਉਸ ਸਮੇਂ ਦਰਸ਼ਕ ਤਾਂ ਕੀ ਪਾਤਰ ਵੀ ਰੋਅ ਪਏ—ਕੇਵਲ ਧਾਲੀਵਾਲ (ਨਿਰਦੇਸ਼ਕ) ਪਰਲ ਪਰਲ ਹੰਝੂ ਕੇਰਦਾ ਮੈਂ ਖੁਦ ਵੇਖਿਆ, ਕਿੰਨੀ ਹੀ ਚਿਰ ਉਹ ਤੇ ਮੈਂ ਕੋਈ ਗੱਲ ਨਾ ਕਰ ਸਕੇ ।

ਅਰਵਲ ਵਿੱਚ ਬੇਜ਼ਮੀਨੇ ਕਿਸਾਨਾਂ ਅਤੇ ਮਜ਼ਦੂਰਾਂ ਉਪਰ ਪੁਲਸ ਤਸ਼ੱਦਦ ਦੀ ਦਾਸਤਾਨ ਨੂੰ ਕੌਣ ਨਹੀਂ ਜਾਣਦਾ ? ਪਿਛੇ ਜਿਹੇ "ਸਾਰਿਕਾ" ਵਿਚ ਪਹਿਲੇ ਨੰਬਰ ਤੇ ਆਈ, ਇਸ ਕਹਾਣੀ ਨੂੰ ਹਿੰਦੀ ਦੇ ਨਾਟਕ ਦੇ ਰੂਪ ਵਿਚ ਲੋਹੀਆਂ ਨਾਟਕ ਕਲਾ ਕੇਂਦਰ (ਰਜਿ.) ਨੇ ਪੇਸ਼ ਕੀਤਾ—"ਮੁਆਵਜ਼ਾ" । ਕਿਵੇਂ ਜਗੀਰਦਾਰ, ਸਰਮਾਏਦਾਰ ਅਫਸਰ ਸਾਹਬ ਪਹਿਲਾਂ ਗਰੀਬ ਮਜ਼ਲੂਮਾਂ ਤੇ ਗੋਲੀਆਂ ਦਾ ਮੀਂਹ ਵਰਤਾਉਂਦੀ ਹੈ ਤੇ ਫਿਰ "ਮੁਆਵਜ਼ਾ" ਦੇਣ ਦਾ ਢੌਂਗ ਰਚਦੀ ਹੈ । ਪੁਲਸ ਤੇ ਸਰਕਾਰ ਦਾ ਕਿਰਦਾਰ ਇਸ ਨਾਟਕ ਰਾਹੀਂ ਚੰਗੀ ਤਰ੍ਹਾਂ ਨੰਗਾ ਕੀਤਾ ਗਿਆ ਹੈ ।

ਇਸ ਨਾਟਕ-ਸਮਾਗਮ ਸਮੇਂ ਪਲਸਮੰਚ ਵਲੋਂ "ਸਰਦਲ" ਅਤੇ ਕੈਸਟਾਂ ਦੀ ਸਟਾਲ ਲਗਾਈ ਗਈ, ਹੋਰ ਵੀ ਵੱਖ-ਵੱਖ ਬੁਕ ਸਟਾਲਾਂ ਵਲੋਂ ਲੋਕ ਪੱਖੀ ਸਾਹਿਤ ਦੀ ਪ੍ਰਦਰਸ਼ਨੀ ਲਗਾਈ ਗਈ । ਪਾਸ਼, ਪੱਡਾ, ਉਦਾਸੀ, ਅਮੋਲਕ ਆਦਿ ਦੀਆਂ ਰਚਨਾਵਾਂ ਦੀਆਂ ਟੂਕਾਂ ਨੂੰ ਹੱਥ ਲਿਖਤ ਚਾਰਟਾਂ ਦੇ ਰੂਪ ਵਿਚ ਪੰਡਾਲ ਅੰਦਰ ਲਾਇਆ ਗਿਆ । ਸਮਾਗਮ ਦੀ ਸਮੁੱਚੀ ਜ਼ੁੰਮੇਵਾਰੀ ਪਲਸਮੰਚ ਦੀ ਇਕਾਈ ਲੋਹੀਆਂ ਨਾਟਕ ਕਲਾ ਕੇਂਦਰ (ਰਜਿ.) ਨੇ ਸੰਭਾਲੀ ਹੋਈ ਸੀ । ਇਸ ਮੌਕੇ ਤੇ ਮੰਚ ਦੀ ਸੂਬਾ ਕਮੇਟੀ ਮੈਂਬਰ ਭੈਣ ਸੁਮਨ ਲਤਾ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਅਤੇ ਮੰਚ ਦੀ ਸਮੁੱਚੀ ਕਾਰਗੁਜ਼ਾਰੀ ਬਾਰੇ ਰੋਸ਼ਨੀ ਪਾਈ । ਸਟੇਜ ਸਕੱਤਰ ਦੇ ਫਰਜ਼ ਮੰਚ ਦੇ ਸਕੱਤਰ ਸਬਜਿੰਦਰ ਕੇਦਾਰ ਨੇ ਨਿਭਾਏ । ਸਮਾਗਮ ਦੇ ਅਖੀਰ ਵਿਚ ਇਨ੍ਹਾਂ ਸਤਰਾਂ ਦੇ ਰਿਪੋਰਟਰ ਮਹਿੰਦਰਪਾਲ ਨੇ ਸਮੁੱਚੇ ਕਲਾਕਾਰਾਂ, ਪੰਜਾਬ ਦੇ ਹਰ ਕੋਨੇ 'ਚੋਂ ਪੁੱਜੇ ਮੰਚ ਸਮਰਥਕਾਂ ਤੇ ਇਲਾਕੇ ਭਰ ਦੇ ਲੋਕਾਂ ਦਾ ਸ਼ੁਕਰੀਆ ਅਦਾ ਕੀਤਾ । ਅਜਿਹੇ ਮਾਹੌਲ ਅੰਦਰ ਇਸ ਕਾਮਯਾਬ ਸਮਾਗਮ ਨਾਲ ਮੰਚ ਨੂੰ ਹੋਰ ਵੀ ਪੱਕੇ ਪੈਰੀਂ ਹੋਣ ਦੀ ਆਸ ਬੱਝੀ ਹੈ ।

ਰਿਪੋਰਟ—ਮਹਿੰਦਰਪਾਲ ਸਿੰਘ

—o—

## 1. ਸੰਪਾਦਕ ਦੇ ਨਾਂ ਇਕ ਚਿੱਠੀ

ਪਿਛਲੇ ਸਮਤਾ ਦੇ ਅੰਕ 'ਚ ਜਸਪਾਲ ਜੱਸੀ ਦੀ ਲਿਖਤ "ਸਾਥੀ ਗੁਰਸ਼ਰਨ ਸਿੰਘ ਕਿਧਰ ਨੂੰ" ਦਿਤੀ ਗਈ ਸੀ ਜਿਸ ਦੇ ਨਾਲ ਹੀ ਤੁਸੀਂ ਆਪਣੀ ਸੰਖੇਪ ਟਿੱਪਣੀ ਵੀ ਦਿੱਤੀ ਸੀ। ਪਰ ਅਫ਼ਸੋਸ ਹੋਇਆ ਕਿ ਜੋ ਸਵਾਲ ਉਸ ਲਿਖਤ ਵਿਚ ਉਠਾਏ ਗਏ ਸਨ ਉਹ ਬਹਿਸ ਅਧੀਨ ਨਹੀਂ ਲਿਆਂਦੇ ਗਏ। ਇਹ ਜ਼ਰੂਰੀ ਹੈ ਕਿ ਅਜੋਕੀ ਸੰਕਟ ਗ੍ਰਹਿਣੀ ਹਾਲਤ 'ਚ ਨਿਕਲਣ ਲਈ ਇਨਕਲਾਬੀ ਸ਼ਕਤੀਆਂ ਕਿਸੇ ਸਾਂਝੇ ਪਲੇਟ ਫਾਰਮ ਦੀ ਉਸਾਰੀ ਕਰਨ। ਅਜਿਹਾ ਸੰਜੀਦਾ ਮਾਹੌਲ ਇਹਨਾਂ ਸ਼ਕਤੀਆਂ ਨੇ ਹੀ ਤਿਆਰ ਕਰਨਾ ਹੁੰਦਾ ਹੈ ਮਤਲਬ ਇਹ ਕਿ ਸਮਾਜਕ ਵਿਕਾਸ ਦੀਆਂ ਹਕੀਕੀ ਹਾਲਤਾਂ ਇਨਕਲਾਬੀ ਸ਼ਕਤੀਆਂ ਦੇ ਚਲਣ ਬਾਰੇ ਬਹਿਸ-ਵਿਚਾਰ ਜ਼ਰੂਰੀ ਹੈ।

ਪੰਜਾਬ ਮਸਲੇ ਦੇ ਸੰਦਰਭ 'ਚ ਜਸਪਾਲ ਜੱਸੀ ਨੇ ਜੋ ਵਿਚਾਰਧਾਰਕ ਬਹਿਸ ਛੇੜੀ ਹੈ ਇਸ ਨੂੰ ਜੀ ਆਇਆਂ ਆਖਿਆ ਜਾਣਾ ਚਾਹੀਦਾ ਹੈ। ਇਕ ਬਹਿਸ ਨੂੰ ਸਿਆਸੀ ਵਰਤਾਰੇ ਤੋਂ ਅਲੱਗ-ਥਲੱਗ, ਸਿਧਾਂਤਕ ਸਹੀ ਪੁਣੇ ਦੇ ਨਸ਼ੇ 'ਚ ਗਲਤਾਨ ਜਾਂ ਲੋਕਾਂ ਦੀ ਚੇਤਨਾ ਤੋਂ ਟੁੱਟੇ ਹੋਏ ਦਮਗਜੇ ਕਹਿ ਕੇ ਟਾਲਣਾ ਨਹੀਂ ਚਾਹੀਦਾ। ਇਨਕਲਾਬੀ ਸ਼ਕਤੀਆਂ ਇਸ ਗੱਲ ਤੋਂ ਅਣਜਾਣ ਨਹੀਂ :-

— ਕਿ ਹਕੂਮਤੀ ਕੁਰਸੀ ਦੀ ਹਵਸ ਨੇ ਪੰਜਾਬ ਮਸਲੇ ਨੂੰ ਕਿਸ ਨਾਜ਼ਕ ਮੋੜ ਤੇ 'ਤੇ ਪਹੁੰਚਾ ਦਿਤਾ ਹੈ ਅਤੇ ਫਿਰਕੂ ਜ਼ਹਿਰੀ ਨਾਗਾਂ ਨੂੰ ਦੁਧ ਪਿਲਾਇਆ ਹੈ ?

— ਕਿ ਜਦੋਂ ਖ਼ਾਲਸਤਾਨੀ ਦਹਿਸ਼ਤਗਰਦੀ ਵਧਦੀ ਹੈ ਤਾਂ ਉਹ ਹਕੂਮਤੀ ਕਹਿਰ ਦੇ ਬਹਾਨੇ ਦਾ ਸਹਾਰਾ ਲੈਂਦੀ ਹੈ ਤੇ ਕਿਤੇ ਹਕੂਮਤੀ ਦਹਿਸ਼ਤਗਰਦੀ, ਖਾਲਸਤਾਨੀ ਦਹਿਸ਼ਤਗਰਦੀ ਨੂੰ ਖਤਮ ਕਰਨ ਦਾ ਬਹਾਨਾ ਲੈ ਕੇ ਆਪਣੇ ਦੰਦ ਤਿੱਖੇ ਕਰਦੀ ਹੈ। ਇਹ ਅਮਲ ਲਗਾਤਾਰ ਚੱਲ ਰਿਹਾ ਹੈ।

— ਇਹ ਠੀਕ ਹੈ ਕਿ ਅੱਜ ਸਾਡੀ ਤਾਕਤ ਸਮੇਂ ਦੀ ਮੰਗ ਨਾਲੋਂ ਕਮਜ਼ੋਰ ਹੈ ਪਰ ਇਸ ਦਾ ਮਤਲਬ ਇਹ ਤਾਂ ਨਹੀਂ ਕਿ ਅਸੀਂ ਲੋਕ-ਹਿੱਤਾਂ ਨੂੰ ਹੀ ਭੁੱਲ ਜਾਈਏ, ਦੋਸਤਾਂ ਅਤੇ ਦੁਸ਼ਮਣਾਂ ਦੀ ਪਛਾਣ ਹੀ ਨਾ ਕਰੀਏ ਅਤੇ ਚਣੌਤੀਆਂ ਅੱਗੇ ਸਿਰ ਝੁਕਾ ਲਈਏ। ਪਿਛਲੇ ਸਮੇਂ 'ਚ ਇਨ : ਸ਼ਕਤੀਆਂ ਨੇ ਹਕੂਮਤੀ ਤੇ ਫਿਰਕੂ ਦਹਿਸ਼ਤਗਰਦੀ ਖਿਲਾਫ ਲੋਕਾਂ ਨੂੰ ਲਾਮਬੰਦ ਕਰਨ ਦੀਆਂ ਮਿਸਾਲੀ ਪਿਰਤਾਂ ਪਾਈਆਂ ਹਨ। ਲੋੜ ਸਿਰਫ ਸਹੀ ਪੈਂਤੜੇ 'ਤੇ ਧੜੱਲੇ ਤੇ ਵਿਸਵਾਸ ਨਾਲ ਕਦਮ ਪੁੱਟਣ ਦੀ ਹੈ।

— ਕੀ ਅੱਜ ਜਦੋਂ ਸਾਡੀ ਤਾਕਤ ਸਾਡੇ ਦੁਸ਼ਮਣਾਂ ਨਾਲੋਂ ਕਮਜ਼ੋਰ ਹੈ ਤਾਂ ਇਹਨਾਂ ਖਿਲਾਫ਼ ਸੰਘਰਸ਼ ਕਰਨਾ ਛੱਡ ਦੇਣਾ ਚਾਹੀਦਾ ਹੈ ? ਜਾਂ ਇਸ ਹਾਲਤ ਵਿਚ ਹੋਰ ਵੀ ਵੱਧ ਸਰਗਰਮੀ ਨਾਲ ਲੋਕਾਂ ਨੂੰ ਲਾਮਬੰਦ ਕਰਨਾ ਚਾਹੀਦਾ ਹੈ ?

— ਅੱਜ ਕਮਜ਼ੋਰੀ ਵਾਲੀ ਹਾਲਤ ਤਾਂ ਹੀ ਹੈ ਕਿਉਂ ਕਿ ਲੋਕ ਚੇਤਨ ਨਹੀਂ ਉਹਨਾਂ ਨੂੰ ਖਾਲਸਤਾਨੀ ਅਤੇ ਹਕੂਮਤੀ ਦਹਿਸ਼ਤਗਰਦੀ ਬਾਰੇ ਭੁਲੇਖੇ ਹਨ। ਇਹ ਗੱਲ ਕਿਵੇਂ ਦਰੁਸਤ ਹੈ ਕਿ ਇਹ ਭੁਲੇਖੇ ਦੂਰ ਕਰਨ ਦੇ ਕਾਰਜ ਨੂੰ ਤਿਆਗ ਕੇ ਇਸ ਹਲਤ 'ਚ ਲੋਕ ਲਾਮਬੰਦੀ ਤੋਂ ਟਾਲਾ ਵੱਟ ਕੇ ਦੁਸ਼ਮਣ ਧਿਰਾਂ ਦੀ ਸੁਲਾਹ-ਸਫ਼ਾਈ ਵੱਲ ਲੋਕਾਂ ਦੀ ਸ਼ਿਸਤ ਬਨ੍ਹਾਈਏ ?

—ਤੁਸੀਂ ਲਿਖਿਆ ਹੈ ਕਿ ਖਾਲਸਤਾਨੀ ਦਹਿਸ਼ਤ ਗਰਦਾਂ ਖਿਲਾਫ ਸੰਘਰਸ਼ ਲਾਮਬੰਦ ਨਹੀਂ ਕਰਨਾ ਚਾਹੀਦਾ ਸਗੋਂ ਵਿਰੋਧ ਹੀ ਕੀਤਾ ਜਾਣਾ ਚਾਹੀਦਾ ਹੈ। ਇਹਨਾਂ ਖੂਨੀਆਂ ਨੇ ਅਨੇਕਾਂ ਲੋਕ-ਘੁਲਾਟੀਆਂ ਸਮੇਤ ਜੈਮਲ ਸਿੰਘ ਨੂੰ ਪੱਡਾ ਤੇ ਪਾਸ਼ ਵਰਗੇ ਜੁਝਾਰੂ ਸਾਥੀ ਖੋਹ ਲਏ ਹਨ। ਇਹ ਲੋਕਾਂ ਦੀ ਆਪਣੀ ਰੱਖਿਆ ਦਾ ਸਵਾਲ ਹੈ ਕੀ ਇਹਨਾਂ ਦੇ ਮੁਥਾਜ ਰਿਹਾ ਜਾ ਸਕਦਾ ਹੈ ?

—ਇਹ ਗੱਲ ਠੀਕ ਹੈ ਕਿ ਇਨਕਲਾਬੀ ਯਥਾਰਥਵਾਦੀ ਹੁੰਦੇ ਹਨ, ਅਸਲੀਅਤ ਦੇ ਸਨਮੁਖ ਪੈਰ ਚੁੱਕਣ ਵੇਲੇ ਉਹ ਲੋਕ-ਹਿਤਾਂ ਨੂੰ ਨੱਕ ਦੀ ਸੇਧ ਤੋਂ ਪਾਸੇ ਨਹੀਂ ਹੋਣ ਦਿੰਦੇ। ਕੀ ਇਹ ਯਥਾਰਥਵਾਦ ਹੈ ਕਿ ਖਾਲਿਸਤਾਨੀ ਦਹਿਸ਼ਤਗਰਦਾਂ ਦੇ ਖਿਲਾਫ ਸੰਘਰਸ਼ ਲਾਮਬੰਦ ਨਾ ਕੀਤਾ ਜਾਵੇ ? ਅਤੇ ਕੀ ਇਹ ਰੁਮਾਂਸਵਾਦ ਨਹੀਂ ਹੈ ਕਿ ਇਹਨਾਂ ਲੋਕ-ਕਾਤਲਾਂ ਨੂੰ ਲੋਕਾਂ ਦੇ ਧੀਆਂ-ਪੁੱਤ ਕਹਿ ਕੇ ਇਹਨਾਂ ਖਿਲਾਫ਼ ਪਰਚਾਰ ਤੱਕ ਹੀ ਸੀਮਤ ਰਿਹਾ ਜਾਵੇ ?

— ਅੱਜ ਖਾਲਸਤਾਨੀ ਅਤੇ ਹਕੂਮਤੀ ਬੰਦੂਕ-ਧਾਰੀਆਂ ਨੂੰ ਗੋਲਮੇਜ਼ ਕਾਨਫਰੰਸ ਲਈ ਰਜ਼ਾਮੰਦ ਕਰਨਾ ਸਾਡਾ ਕੰਮ ਨਹੀਂ ਕਿਉਂ ਕਿ ਇਸ ਨਾਲ ਲੋਕ-ਹਿੱਤਾਂ ਦਾ ਕੁਝ ਵੀ ਨਹੀਂ ਸੌਰੇਗਾ। ਲੋਕਾਂ ਨੂੰ ਆਵਦੀ ਜਥੇਬੰਦ ਤਾਕਤ 'ਤੇ ਹੀ ਟੇਕ ਬਨ੍ਹਾਉਣੀ ਅਤੇ ਇਹਨਾਂ ਦੁਸ਼ਮਣਾਂ ਦੇ ਅਸਲੇ ਨੂੰ ਉਘਾੜਨਾ ਹੀ ਇਨਕਲਾਬੀ ਸ਼ਕਤੀਆਂ ਦਾ ਕਾਰਜ ਹੈ ਜਿਸ ਨੇ ਇਹਨਾਂ ਜ਼ਹਿਰੀ ਨਾਗਾਂ ਦੇ ਸਿਰ ਫੇਹਣੇ ਹਨ।

ਹੋਰ ਵੀ ਬਹੁਤ ਸਾਰੇ ਸਵਾਲ ਲਿਖਤ 'ਚ ਉਠਾਏ ਗਏ ਹਨ ਜਿਹਨਾਂ ਦਾ ਜਵਾਬ ਦੇਣ ਦੀ ਕੋਸ਼ਿਸ਼ ਨਹੀਂ

ਕੀਤੀ ਗਈ ਜਿਵੇਂ ਤੁਸੀਂ 'ਵੀ. ਪੀ. ਸਿੰਘ......ਲੋਕਾਂ ਦੇ ਜਜ਼ਬਾਤਾਂ ਦੀ ਤਰਜਮਾਨੀ ਕਰਦਾ ਹੈ।' ਕਿਹਾ ਹੈ ਅਤੇ ਕੁੱਝ ਲੋਕਾਂ ਤੋਂ 'ਭ੍ਰਿਸ਼ਟ ਸਿਸਟਮ ਦਾ ਬਦਲ' ਦਿਤੇ ਜਾਣ ਦੀ ਆਸ ਕੀਤੀ ਗਈ ਹੈ। ਕੀ ਅਜੇਹੀ ਆਸ ਕਰਕੇ ਇਹਨਾ ਭ੍ਰਿਸ਼ਟ, ਮੌਕਾਪ੍ਰਸਤ ਸਿਆਸੀ ਟੋਲਿਆਂ ਦੇ ਲੋਕ-ਦੋਖੀ ਅਤੇ ਫਾਸ਼ੀ ਕਿਰਦਾਰ ਨੂੰ ਢਕਿਆ ਨਹੀਂ ਜਾ ਰਿਹਾ?

ਗੁਰਸ਼ਰਨ ਭਾਅ ਜੀ ਆਖਿਰ 'ਚ ਮੈਂ ਇਹੀ ਕਹਿਣਾ ਚਾਹਾਂਗਾ ਕਿ ਅੱਜ ਦੀ ਨਾਜ਼ਕ ਹਾਲਤ ਵਿਚ ਲੋਕਾਂ ਲਈ ਇਹ ਗੱਲ ਮਹੱਤਵਪੂਰਨ ਨਹੀਂ ਕਿ ਕੋਈ ਕਿਸ ਆਰਗੇਨਾਈਜ਼ੇਸ਼ਨ ਵਲੋਂ ਬੋਲਦਾ ਹੈ ਜਾਂ ਆਪਣੀ ਜ਼ਾਤੀ ਰਾਇ ਦੇ ਰਿਹਾ ਹੈ ਸਗੋਂ ਇਹ ਗੱਲ ਮਹੱਤਵ ਰੱਖਦੀ ਹੈ ਕਿ ਉਹ ਲੋਕ-ਹਿੱਤਾਂ ਦੇ ਪੈਂਤੜੇ ਤੋਂ ਬੋਲ ਰਿਹਾ ਹੈ ਜਾਂ ਨਹੀਂ? ਸੋ ਇਨਕਲਾਬੀ ਅਤੇ ਜਮਹੂਰੀ ਸ਼ਕਤੀਆਂ ਨੂੰ ਇਕ ਜੁੱਟ ਕਰਨ ਲਈ ਦਰਪੇਸ਼, ਪੰਜਾਬ ਮਸਲੇ ਸਬੰਧੀ ਲਿਖਤ 'ਚ ਉਠਾਏ ਗਏ ਸਵਾਲਾਂ 'ਤੇ ਸੰਜੀਦਾ ਬਹਿਸ ਕੇਂਦਰਤ ਕਰਨੀ ਚਾਹੀਦੀ ਹੈ।

ਕਰਮਜੀਤ ਸਿੰਘ ਬਠਿੰਡਾ

## 2. ਇਕ ਚਿਠੀ ਜਸਪਾਲ ਜੱਸੀ ਦੀ ਪਹੁੰਚ ਬਾਰੇ

ਸਾਥੀ ਜਸਪਾਲ ਜੱਸੀ ਨੇ 'ਸਮਤਾ' ਦੇ ਅਪਰੈਲ ਅੰਕ ਵਿਚ ਸਾਥੀ ਗੁਰਸ਼ਰਨ ਸਿੰਘ ਉਪਰ ਜੋ ਤਕਰੀਬਨ ਛੇ ਸਫ਼ਿਆਂ ਦਾ ਚਾਰਜਸ਼ੀਟ ਲਿਖਿਆ ਹੈ, ਉਹ ਸਿਹਤਮੰਦ ਅਲੋਚਨਾਂ ਦੇ ਘੇਰੇ ਵਿਚ ਨਹੀਂ ਆਉਂਦਾ। ਆਪਣੀ ਸਿਧਾਂਤਕ ਪੁਜ਼ੀਸ਼ਨ ਦੀ ਦਲੀਲ ਦੇ ਜ਼ੋਰ ਨਾਲ ਸਾਥੀ ਨੇ ਗੁਰਸ਼ਰਨ ਦੀ ਪੁਜ਼ੀਸ਼ਨ ਨੂੰ ਗਲਤ ਸਿਧ ਕਰਨ ਦੀ ਥਾਂ ਅੰਤਰਮੁਖੀ ਧਾਰਨਾਵਾਂ ਦਾ ਸਹਾਰਾ ਲਿਆ ਹੈ। ਦੋਹਾਂ ਸਾਥੀਆਂ ਦੀਆਂ ਸਿਧਾਂਤਕ ਪੁਜ਼ੀਸ਼ਨਾ ਉਪਰ ਨਜ਼ਰਸਾਨੀ ਕਰਨ ਨਾਲ ਸਹੀ ਜਾਂ ਗਲਤ ਪਹੁੰਚ ਦਾ ਪਤਾ ਲਗ ਸਕਦਾ ਹੈ।

ਸਾਥੀ ਗੁਰਸ਼ਰਨ ਜਦੋਂ ਇਹ ਕਹਿੰਦਾ ਹੈ ਕਿ 'ਸਿਧਾ ਸੰਘਰਸ਼ ਸਟੇਟ ਵਿਰੁਧ ਹੀ ਲਾਮਬੰਦ ਹੋਣਾ ਚਾਹੀਦਾ ਹੈ' ਤਾਂ ਏਸ ਕਥਨੀ ਦਾ ਸਿਧਾਂਤਕ ਅਧਾਰ ਮੌਜੂਦ ਹੈ। ਉਹ ਆਧਾਰ ਹੈ, ਮੌਜੂਦਾ ਹਾਲਤਾਂ ਵਿਚ ਮੁਖ ਦੁਸ਼ਮਣ ਸਿਆਨਣ ਦੀ ਪਹੁੰਚ। ਉਹ ਅਧਾਰ ਹੈ ਹਾਕਮ ਜਮਾਤਾਂ ਦੇ ਸੱਤਾਧਾਰੀ ਧੜੇ ਅਤੇ ਗੈਰ ਸੱਤਾਧਾਰੀ ਧੜੇ ਵਿਚਕਾਰ ਫ਼ਰਕ ਕਰਨ ਦੀ ਸਮਝ। ਉਹ ਅਧਾਰ ਹੈ; ਹਾਕਮ ਜਮਾਤਾਂ ਦੇ ਸੱਤਾਧਾਰੀ ਧੜੇ ਵਿਰੁਧ ਸੰਘਰਸ਼ ਦੀ ਮੁਖ ਧਾਰਾ ਸੇਧਣ ਦੀ ਪਹੁੰਚ। ਉਹ ਅਧਾਰ ਹੈ, ਸੱਤਾਧਾਰੀ ਧੜੇ ਵਿਰੁਧ ਇਕ ਪੈਂਤੜਾ ਲੈਣ ਅਤੇ ਗੈਰ-ਸੱਤਾਧਾਰੀ ਧੜੇ ਵਿਰੁਧ ਦੂਸਰਾ ਪੈਂਤੜਾ ਲੈਣ ਦੀ ਪਹੁੰਚ। ਉਹ ਅਧਾਰ ਹੈ, ਸੱਤਾਧਾਰੀ ਧੜੇ ਵਿਰੁਧ ਵਿਸ਼ਾਲ ਸਾਂਝਾ ਮੋਰਚਾ (ਸਣੇ ਹਾਕਮ ਜਮਾਤਾਂ ਦਾ ਗੈਰ-ਸੱਤਾਧਾਰੀ ਧੜਾ) ਉਸਾਰਨ ਅਤੇ ਉਸ ਵਿਚ ਸ਼ਾਮਲ ਹੋ ਕੇ ਆਪਣੀ ਲੀਡਰਸ਼ਿਪ ਸੰਥਾਪਤ ਕਰਨ ਦੀ ਕੋਸ਼ਿਸ਼ ਕਰਨ ਦੀ ਸਮਝ। ਸਾਥੀ ਗੁਰਸ਼ਰਨ ਜਦ ਏਸ ਸਿਧਾਂਤਕ ਪੁਜ਼ੀਸ਼ਨ ਉਪਰ ਖੜ੍ਹ ਕੇ ਬੋਲਦਾ ਹੈ ਤਾਂ ਗਧੇ ਅਤੇ ਘੋੜੇ ਦੀ ਤਮੀਜ਼ ਕਰਦਾ ਹੈ। ਏਸੇ ਪੁਜ਼ੀਸ਼ਨ ਵਿਚੋਂ ਉਹ ਕਾਰਜ ਨਿਕਲਦੇ ਹਨ, ਜੋ 'ਸਮਤਾ' ਰਾਹੀਂ ਸਾਥੀ ਗੁਰਸ਼ਰਨ ਕਮਿਊਨਿਸਟ ਇਨਕਲਾਬੀਆਂ ਮੂਹਰੇ ਰੱਖਦਾ ਹੈ।

ਹੁਣ ਸਾਥੀ ਜੱਸੀ ਦੀ ਸਿਧਾਂਤਕ ਪੁਜ਼ੀਸ਼ਨ ਬਾਰੇ ਨਜ਼ਰਸਾਨੀ ਕਰੀਏ। ਅਲੋਚਕ ਦੀ ਸਮਝ ਦਾ ਸਿਧਾਂਤਕ ਅਧਾਰ, ਇਕੋ ਸਮੇਂ ਇਕ ਤੋਂ ਵੱਧ ਮੁਖ ਦੁਸ਼ਮਣ ਮਿਥ ਲੈਣਾ ਹੈ (ਸ਼ਾਇਦ ਇਸ ਵਿਚ ਸੀ. ਪੀ. ਆਈ ਤੇ ਸੀ. ਪੀ. ਐਮ ਵੀ ਸ਼ਾਮਲ ਹੋਵੇ। ਸਾਥੀ ਨੇ ਹਾਕਮ ਜਮਾਤਾਂ ਦੇ ਸੱਤਾਧਾਰੀ ਅਤੇ ਗੈਰ-ਸੱਤਾਧਾਰੀ ਧੜੇ ਨੂੰ ਵੀ ਇਕੋ ਰੱਸੇ ਬੰਨ੍ਹ ਲਿਆ ਹੈ। ਭਾਵੇਂ ਸੰਘਰਸ਼ ਦੀ ਲਾਮਬੰਦੀ ਇਕੋ ਸਮੇਂ ਸੱਤਾਧਾਰੀ ਧੜੇ ਵਿਰੁਧ ਵੀ ਹੋਵੇ ਅਤੇ ਗੈਰ ਸੱਤਾਧਾਰੀ ਧੜੇ ਵਿਰੁਧ ਵੀ। ਏਸ ਵਿਚਾਰ-ਧਾਰਾ ਵਿਚੋਂ ਹਾਕਮ ਜਮਾਤਾਂ ਦੇ ਸੱਤਾਧਾਰੀ ਧੜੇ ਵਿਰੁੱਧ ਵਿਸ਼ਾਲ ਸਾਂਝੇ ਮੋਰਚੇ ਉਸਾਰਨ ਦੀ ਸਮਝ ਗਾਇਬ ਹੈ। ਸਾਂਝੇ ਮੋਰਚੇ ਦੀ ਸਮਝ ਅਨੁਸਾਰ ਸਾਥੀ ਗੁਰਸ਼ਰਨ ਸਿੰਘ 'ਹੋਰ ਜਮਹੂਰੀ ਸ਼ਕਤੀਆਂ' ਵਾਲੀ ਸ਼੍ਰੇਣੀ ਵਿਚ ਆਉਂਦਾ 'ਸੀ ਤਾਂ ਅਲੋਚਕ ਨੂੰ ਉਸ ਉਪਰ ਸਸਤੀ ਕਿਸਮ ਦੀ ਤੋਹਮਤਬਾਜ਼ੀ ਕਰਨ ਦੀ ਲੋੜ ਨਹੀਂ ਸੀ। ਸਾਥੀ ਜਸਪਾਲ ਦੀ ਸਿਧਾਂਤਕ ਪੁਜ਼ੀਸ਼ਨ ਵਿਚੋਂ ਹੇਠ ਲਿਖੇ ਕਾਰਜ ਨਿਕਲਦੇ ਹਨ।

o ਮੌਜੂਦਾ ਹਾਲਤਾਂ ਵਿਚ ਕਾਂਗਰਸ ਪਾਰਟੀ ਵਾਲੇ ਸੱਤਾਧਾਰੀ ਧੜੇ ਵਿਰੁਧ ਸਮਰਥਾ ਅਤੇ ਘੋਲ ਦੇ ਸੰਭਵ ਰੂਪ ਅਨੁਸਾਰ ਸੰਘਰਸ਼ ਲਾਮਬੰਦ ਕੀਤਾ ਜਾਵੇ।

o ਮੌਜੂਦਾ ਹਾਲਤਾਂ ਵਿਚ ਖਾਲਿਸਤਾਨੀ ਦਹਿਸ਼ਤਗਰਦ ਜਨਤਾ ਪਾਰਟੀ, ਭਾਰਤੀ ਜੰਗ ਪਾਰਟੀ, ਅਕਾਲੀ ਦਲ ਲੌਂਗੋਵਾਲ, ਸੰਯੁਕਤ ਅਕਾਲੀ ਦਲ ਵਿਰੁਧ ਪੰਜਾਬ ਵਿਚ ਸੰਘਰਸ਼ ਲਾਮਬੰਦ ਕੀਤਾ ਜਾਵੇ ਅਤੇ ਰਾਸ਼ਟਰੀ ਪੱਧਰ ਉਪਰ ਇਹਨਾਂ ਪਾਰਟੀਆਂ ਤੋਂ ਦਿਨਾਂ, ਡੀ. ਐਮ. ਕੇ, ਐਨ ਡੀ ਐਮ ਕੇ, ਫਾਰੂਖ ਦੀ ਨੈਸ਼ਨਲ ਕਾਨਫਰੰਸ, ਉਸਦੇ ਦੂਸਰੇ ਧੜੇ ਵੀ. ਪੀ. ਸਿੰਘ ਦਾ ਜਨ ਮੋਰਚਾ ਤੇਲਗੂ ਦੇਸ਼ਮ ਆਦਿ ਪਾਰਟੀਆਂ ਵਿਰੁਧ ਸੰਘਰਸ਼ ਲਾਮਬੰਦ ਕੀਤਾ ਜਾਵੇ। ਮੌਜੂਦਾ ਪੜਾਅ ਵਿਚੋਂ ਸੰਘਰਸ਼ ਦਾ ਰੂਪ ਇਨ੍ਹਾਂ ਪਾਰਟੀਆਂ ਦੇ ਹੈਡਕੁਆਰਟਰਾਂ ਉਪਰ ਧਰਨੇ, ਕਾਨਫ਼ਰੰਸਾਂ, ਮੁਜ਼ਾਹਰੇ

Regd. with the Register News Papers Vide No. MA/12397-D Dated 18.4.8?
Post Office No. P/AR—133

ਆਦਿ ਰਾਹੀਂ ਇਨ੍ਹਾਂ ਸਭੈ ਪਾਰਟੀਆਂ ਅਤੇ ਕਾਂਗਰਸ਼ ਪਾਰਟੀ ਦੇ ਲੋਕ-ਦੋਖੀ ਕਿਰਦਾਰ ਨੂੰ ਨੰਗਾ ਕਰਨਾ ਬਣਦਾ ਹੈ।

ਮਾਰਕਸਵਾਦੀ ਵਿਗਿਆਨਕ ਸਮਝ ਵਿਚ ਇਕ ਬੁਨਿਆਦੀ ਗੁਣ (ਸ਼ਾਇਦ ਜਸਪਾਲ ਜੱਸੀ ਦੀ ਸਮਝ ਲਈ ਔਗੁਣ) ਹੈ ਕਿ ਜੋ ਸਿਧਾਂਤਕ ਪੁਜ਼ੀਸ਼ਨ ਅਪਣਾਈ ਜਾਂਦੀ ਹੈ ਉਸਦੇ ਅਧਾਰ ਉਪਰ ਨਿਕਲੇ ਕਾਰਜਾਂ ਨੂੰ ਅਮਲੀ ਰੂਪ ਦੇਣਾ ਪੈਂਦਾ ਹੈ। ਅਮਲ ਨੇ ਇਹ ਸਿਧ ਕਰਨਾ ਹੁੰਦਾ ਹੈ ਕਿ ਧਾਰਣਾ ਠੀਕ ਹੈ ਜਾਂ ਗਲਤ। ਏਸ ਧਾਰਣਾ ਉਪਰ ਖੜ੍ਹਨ ਵਾਲੇ ਸਾਥੀ ਇਸ ਨੂੰ ਅਮਲੀ ਰੂਪ ਦੇਣ, ਜੇਕਰ ਅਸਲੀ ਸਿਟੇ ਲਹਿਰ ਨੂੰ ਵਧਾਉਣ ਵਿਚ ਨਿਕਲੇ ਤਾਂ ਸਾਰੇ ਇਨਕਲਾਬੀਆਂ ਨੂੰ ਇਹੀ ਧਾਰਣਾ ਈਮਾਨਦਾਰੀ ਨਾਲ ਅਪਣਾ ਲੈਣੀ ਚਾਹੀਦੀ ਹੈ। ਹੋਰ ਵੀ ਹਾਂ ਪੱਖੀ ਗਲ ਇਹ ਹੈ ਕਿ ਸੀ. ਪੀ. ਆਈ ਅਤੇ ਸੀ. ਪੀ. ਐਮ ਵੀ ਕਾਂਗਰਸ ਪਾਰਟੀ ਅਤੇ ਹਾਕਮ ਜਮਾਤਾਂ ਦੀਆਂ ਹੋਰ ਵਿਰੋਧੀ ਪਾਰਟੀਆਂ ਉਪਰ ਇਕੋ ਸਮੇਂ ਵਾਰ ਕਰਨ ਦੀ ਇਹੀ ਸਿਧਾਂਤਕ ਪੁਜ਼ੀਸ਼ਨ ਉਪਰ ਖੜ੍ਹੀਆਂ ਹਨ। ਉਹ ਵੀ ਮੁਖ ਦੁਸ਼ਮਣ ਅਤੇ ਗੈਰ ਮੁਖ ਦੁਸ਼ਮਣ ਵਿਚਕਾਰ ਕੋਈ ਫ਼ਰਕ ਨਹੀਂ ਕਰਦੇ। ਅਜੇਹੀ ਧਾਰਣਾ ਦਾ ਸਿੱਟਾ ਇਹ ਨਿਕਲਦਾ ਹੈ ਕਿ ਗੈਰ-ਸੱਤਾਧਾਰੀ ਹਾਕਮ ਜਮਾਤਾਂ ਦੀ ਧਿਰ ਨੂੰ ਸੱਤਾਧਾਰੀ ਹੋਣ ਤੋਂ ਰੋਕਿਆ ਜਾਵੇ। ਦੂਸਰੇ ਸ਼ਬਦਾਂ ਵਿਚ ਸੱਤਾਧਾਰੀ ਧਿਰ ਨੂੰ ਤਾਕਤ ਵਿਚ ਬਣੇ ਰਹਿਣ ਦਿੱਤਾ ਜਾਵੇ, ਉਸਨੂੰ ਗਿਰਾਉਣ ਵਾਲੀਆਂ ਸ਼ਕਤੀਆਂ ਵਿਰੁਧ ਸੰਘਰਸ਼ ਲਾਮਬੰਦ ਕੀਤਾ ਜਾਵੇ। ਸੀ. ਪੀ. ਆਈ ਨੇ 1975 ਵਿਚ ਐਮਰਜੈਂਸੀ ਲਾਉਣ ਦੀ ਹਮੈਤ ਇਸੇ ਪੈਂਤੜੇ ਤੋਂ ਕੀਤੀ ਸੀ।

ਅੰਤ ਵਿਚ ਸਾਥੀ ਜੱਸੀ ਦੀ ਸੋਚ ਦੇ ਧਾਰਨੀ ਸਾਥੀਆਂ ਨੂੰ ਇਹੀ ਅਪੀਲ ਹੈ ਕਿ ਵਿਰੋਧੀ ਸਿਧਾਂਤਕ ਪੈਂਤੜਿਅ ਉਪਰ ਬਾਹਰਮੁਖੀ ਹਾਲਤਾਂ ਦੇ ਸੰਦਰਭ ਵਿਚ ਸੋਚ ਵਿਚਾਰ ਕਰਨਾ ਚਾਹੀਦਾ ਹੈ। ਇਸੇ ਗਰੁਪ ਸੋਚ ਦੇ ਧਾਰਨੀ ਸਾਥੀਅ, ਤੋਂ ਘਿਨਾਂ ਕੋਟੀ ਹੋਰ ਸੋਚ ਨੂੰ ਜਰਨ ਦਾ ਜੇਰਾ ਚਾਹੀਦਾ। ਮਨਘੜਤ ਫ਼ਾਰਮੂਲਿਆਂ ਰਾਹੀਂ ਕੋਈ ਸਮਝ ਰੱਦ ਨਹੀਂ ਕੀਤੀ ਜਾ ਸਕਦੀ। ਸਾਥੀ ਗੁਰਸ਼ਰਨ ਸਿੰਘ ਇਨਕਲਾਬੀ ਲਹਿਰ ਵਿਚ ਮਹੱਤਵ ਪੂਰਣ ਭੂਮਿਕਾ ਨਿਭਾ ਰਹੇ ਹਨ। ਉਨ੍ਹਾਂ ਦੀਆਂ ਲੱਤਾਂ ਖਿਚਣ ਦੀ ਬਜਾਏ, ਉਤਸ਼ਾਹਤ ਕਰਨਾ ਚਾਹੀਦਾ ਹੈ।—ਸਾਈਮਨ

—o—

ਮਨੁੱਖ ਸੀ ਅਤੇ ਹਰ ਕਿਸਮ ਦੇ ਪਖੰਡ ਦਾ ਉਹ ਇਕ ਵੱਡਾ ਦੁਸ਼ਮਣ ਸੀ। ਪਾਸ਼ ਦੀ ਕਵਿਤਾ ਦੀ ਹਰ ਇਕ ਸੱਤਰ ਇਸ ਸਚਾਈ ਦਾ ਪ੍ਰਮਾਨ ਹੈ। ਉਹੋ ਆਪ ਸੱਚਾ ਸੀ। ਆਪਣੇ ਲੋਕਾਂ ਵਲ ਸੱਚਾ ਸੀ ਤੇ ਸੱਚ ਪੁੰਗਾਦਿਆਂ ਹੋਇਆ ਹੀ ਸ਼ਹੀਦ ਹੋਇਆ—ਗੁਰਸ਼ਰਨ ਸਿੰਘ ਨੇ ਕਿਹਾ ਕਿ ਅੱਜ ਦੇ ਯੁੱਗ ਵਿਚ ਕਮਿਊਨਿਸਟ ਹੋਣਾ ਸਾਡੇ ਲਈ ਸਭ ਤੋਂ ਵੱਡੀ ਮਾਨ ਵਾਲੀ ਗੱਲ ਹੈ ਸਾਨੂੰ ਮਾਣ ਹੈ ਕਿ ਪਾਸ਼ ਅਤੇ ਘੱਡਾ ਸਾਡੇ ਕਮਿਊਨਿਸਟ ਫਲਸਫੇ ਦੇ ਧਾਰਨੀ ਸਨ। ਸਾਡੀ ਅਵਾਜ਼ ਬੰਦ ਨਹੀਂ ਕੀਤੀ ਜਾ ਸਕਦੀ। ਗੁਰਸ਼ਰਨ ਸਿੰਘ ਨੇ ਏਲਾਨ ਕੀਤਾ ਕਿ ਆਉਣ ਵਾਲੇ ਦਿਨਾਂ ਵਿਚ ਪੰਜਾਬ ਵਿਚ ਥਾਂ ਥਾਂ ਤੇ ਇਹੋ ਜਿਹੇ ਸਮਾਗਮ ਕੀਤੇ ਜਾਣਗੇ। 9—10 ਜੁਲਾਈ ਦੀ ਦਰਮਿਆਨੀ ਰਾਤ ਲੁਧਿਆਣਾ ਵਿਚ ਸਾਰੀ ਰਾਤ ਸਮਾਗਮ ਕੀਤਾ ਜਾਵੇਗਾ। ਉਸ ਵਿਚ ਪਾਸ਼ ਦੀ ਜੀਵਨੀ ਤੇ ਲਿਖਤਾਂ ਉਤੇ ਨਾਟਕ 'ਖੇਤਾਂ ਦਾ ਪੁੱਤ' ਅਤੇ ਪੱਡੇ ਦੀ ਜੀਵਨੀ ਤੇ ਅਧਾਰਤ ਨਾਟਕ 'ਪੈਰ ਸੂਲਾਂ ਤੇ ਵੀ ਤੁਰਨਗੇ' ਕੀਤੇ ਜਾਣਗੇ। ਅਸੀਂ ਆਪਣੀ ਗੱਲ ਕਹਿੰਦੇ ਰਹੇ ਹਾਂ ਤੇ ਪੂਰੇ ਜ਼ੋਰ ਨਾਲ ਕਹਿੰਦੇ ਰਹੇ ਹਾਂ। ਅਸੀਂ ਆਪਣੀ ਗੱਲ ਕਹਿੰਦੇ ਰਵਾਂਗੇ ਤੇ ਪੂਰੇ ਜ਼ੋਰ ਨਾਲ ਕਹਿੰਦੇ ਰਵਾਂਗੇ। ਆਪਣੇ ਇਸ ਹੱਕ ਦੀ ਰਾਖੀ ਲਈ ਐਮਰਜੈਂਸੀ ਦੇ ਦੌਰਾਨ ਹਰ ਕੁਰਬਾਨੀ ਦਿਤੀ ਤੇ ਹੁਣ ਵੀ ਹਰ ਕੁਰਬਾਨੀ ਦੇਣ ਲਈ ਤਿਆਰ ਹਾਂ। ਅਸੀਂ ਨਾਹੀ ਹਕੂਮਤ ਦੇ ਫਾਸ਼ੀ ਕਾਨੂੰਨਾਂ ਤੋਂ ਡਰਦੇ ਹਾਂ ਤੇ ਨਾ ਹੀ ਖਾਲਿਸਤਾਨੀ ਫਾਸ਼ੀ ਗਰੋਹਾਂ ਤੋਂ। ਇਹ ਗੱਲ ਬਿਲਕੁਲ ਸਾਫ ਤੇ ਸਪੱਸ਼ਟ ਹੈ।

o. ਸਮਾਗਮ ਤੇ ਪਾਸ਼ ਦੀ ਚੋਣਵੀਂ ਕਵਿਤਾ ਦੀ ਕਿਤਾਬ 'ਲੜਾਂਗੇ ਸਾਥੀ' ਰੀਲੀਜ਼ ਕੀਤੀ ਗਈ ਅਤੇ ਇਹਦੀਆਂ ਦੋ ਕਾਪੀਆਂ ਪਾਸ਼ ਦੇ ਪਿਤਾ ਜੀ ਨੂੰ ਭੇਂਟ ਕੀਤੀਆਂ ਗਈਆਂ। ਆਰਟਿਸਟ ਮਲਕੀਤ ਨੇ ਇਸ ਕਿਤਾਬ ਦਾ ਸਰਵਰਕ ਡੀਜ਼ਾਇਨ ਕੀਤਾ ਹੈ ਤੇ ਇਸ ਵਿਚ ਪਾਸ਼ ਦੀਆਂ ਛੱਪੀਆਂ ਅਤੇ ਅਣਛੱਪੀਆਂ ਚੋਣਵੀਆਂ ਕਵਿਤਾਵਾਂ ਸ਼ਾਮਲ ਕੀਤੀਆਂ ਗਈਆਂ ਹਨ।

o ਸਮਾਗਮ ਤੇ ਇਹ ਵੀ ਏਲਾਨ ਕੀਤਾ ਗਿਆ ਕਿ ਇਕ ਪਾਸ਼ ਯਾਦਗਾਰੀ ਟਰੱਸਟ ਬਣਾਇਆ ਜਾਏਗਾ।

o ਸਮ[illegible] ਚਲਾਉਣ ਦੀ ਜ਼ਿਮੇਵਾਰੀ ਨਿਰਭਿੰਦਰ ਸਿੰਘ ਨੇ ਪੂਰੀ ਸੁਚੱਜਤਾ ਨਾਲ ਨਿਭਾਈ।